6-DEC-PAGE-1.qxd 12/5/2025 10:28 PM Page 1

ਸ਼ਨੀਵਾਰ, 6 ਦਸੰਬਰ, 2025
21 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 186

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • SATURDAY, 6 DECEMBER, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਰੂਸ-ਭਾਰਤ ਦੋਸਤੀ ਹੋਰ ਪੀਢੀ

ਸਲਾਨਾ ਵਪਾਰ 100 ਅਰਬ ਡਾਲਰ ਤੱਕ ਲਿਜਾਣ ਲਈ ਸਹਿਮਤ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵਿਚਾਲੇ 23ਵੀਂ ਭਾਰਤ-ਰੂਸ ਸਿਖਰ ਵਾਰਤਾ ਹੋਈ, ਜਿਸ ਦੌਰਾਨ ਦੋਵਾਂ ਦੇਸ਼ਾਂ ਨੇ ਵੱਖ ਵੱਖ ਖੇਤਰਾਂ ਵਿੱਚ ਕਈ ਅਹਿਮ ਸਮਝੌਤਿਆਂ 'ਤੇ ਦਸਤਖਤ ਕੀਤੇ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਗੱਲਬਾਤ ਕੀਤੀ। ਦੋਨੋ ਦੇਸ਼ ਸਲਾਨਾ ਦੁਵੱਲਾ ਵਪਾਰ 100 ਅਰਬ ਅਮਰੀਕੀ ਡਾਲਰ ਤੱਕ ਲਿਜਾਣ ਲਈ ਸਹਿਮਤ ਹੋਏ ਹਨ ਜੋ ਇਸ ਸਮੇ 64 ਲੱਖ ਡਾਲਰ ਸਲਾਨਾ ਦੇ ਕਰੀਬ ਹੈ। ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਯੂਕਰੇਨ ਸੰਘਰਸ਼ ਦਾ ਮੁੱਦਾ ਉਠਾਇਆ ਅਤੇ ਜ਼ੋਰ ਦੇ ਕੇ ਕਿਹਾ ਕਿ ਦੁਨੀਆ ਨੂੰ ਸ਼ਾਂਤੀ ਵੱਲ ਪਰਤਣਾ ਚਾਹੀਦਾ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਭਾਰਤ ਨਿਰਪੱਖ ਨਹੀਂ ਹੈ, ਭਾਰਤ ਸ਼ਾਂਤੀ ਦੇ ਪੱਖ ਵਿੱਚ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਦੁਵੱਲੇ ਸਬੰਧਾਂ ਨੂੰ ਹੋਰ ਵਧਣਾ ਚਾਹੀਦਾ ਹੈ ਅਤੇ ਨਵੀਆਂ ਉਚਾਈਆਂ ਨੂੰ ਛੂਹਣਾ ਚਾਹੀਦਾ ਹੈ। ਰਾਸ਼ਟਰਪਤੀ ਪੂਤਿਨ ਨੇ ਸ਼ਾਂਤੀ ਦੀਆਂ ਕੋਸ਼ਿਸ਼ਾਂ ਪ੍ਰਤੀ ਭਾਰਤ ਦੇ ਧਿਆਨ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਸੰਘਰਸ਼ ਦੇ ਸ਼ਾਂਤੀਪੂਰਨ ਹੱਲ ਲਈ ਕੰਮ ਕਰ ਰਹੇ ਹਨ। ਸਿਖਰ ਵਾਰਤਾ ਦੌਰਾਨ ਦੋਵਾਂ ਦੇਸ਼ਾਂ ਨੇ ਕਈ ਅਹਿਮ ਖੇਤਰਾਂ ਵਿੱਚ ਸਬੰਧਾਂ ਨੂੰ ਮਜ਼ਬੂਤ ??ਕਰਨ 'ਤੇ ਜ਼ੋਰ ਦਿੱਤਾ। ਰਾਸ਼ਟਰਪਤੀ ਪੂਤਿਨ ਨੇ ਕਿਹਾ ਕਿ ਰੂਸ, ਭਾਰਤ ਅਤੇ ਹੋਰ ਸਮਾਨ ਸੋਚ ਵਾਲੇ ਰਾਸ਼ਟਰ ਇੱਕ ਨਿਆਂਪੂਰਨ ਅਤੇ ਬਹੁ-ਧਰੁਵੀ ਸੰਸਾਰ ਲਈ ਕੰਮ ਕਰ ਰਹੇ ਹਨ। ਉਨ੍ਹਾਂ ਦਾ ਇਹ ਬਿਆਨ ਅਮਰੀਕਾ ਵੱਲੋਂ ਲਗਾਏ ਗਏ ਟੈਕਸ ਅਤੇ ਹੋਰ ਚੁਣੌਤੀਆਂ ਦੇ ਮੱਦੇਨਜ਼ਰ ਆਇਆ ਹੈ। ਪੂਤਿਨ ਨੇ ਇਹ ਵੀ ਦੱਸਿਆ ਕਿ ਰੂਸ ਭਾਰਤ ਨਾਲ ਨਵੇਂ ਅੰਤਰਰਾਸ਼ਟਰੀ ਲੌਜਿਸਟਿਕਸ ਰੂਟ ਬਣਾਉਣ 'ਤੇ ਕੰਮ ਕਰ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ-ਰੂਸ ਦੀ ਦੋਸਤੀ ਪਿਛਲੇ ਅੱਠ ਦਹਾਕਿਆਂ ਤੋਂ ਧਰੂ-ਤਾਰੇ ਵਾਂਗ ਅਡੋਲ ਰਹੀ ਹੈ ਅਤੇ ਆਪਸੀ ਸਤਿਕਾਰ ਅਤੇ ਡੂੰਘੇ ਵਿਸ਼ਵਾਸ 'ਤੇ ਅਧਾਰਤ ਉਨ੍ਹਾਂ ਦੇ ਸਬੰਧ ਹਮੇਸ਼ਾ ਸਮੇਂ ਦੀ ਪ੍ਰੀਖਿਆ 'ਤੇ ਖਰੇ ਉਤਰੇ ਹਨ। ਊਰਜਾ ਸੁਰੱਖਿਆ ਨੂੰ ਭਾਰਤ-ਰੂਸ ਭਾਈਵਾਲੀ ਦਾ ਇੱਕ ਮਜ਼ਬੂਤ ਸਤੰਭ ਦੱਸਦੇ ਹੋਏ ਮੋਦੀ ਨੇ ਕਿਹਾ ਕਿ ਨਾਗਰਿਕ ਪਰਮਾਣੂ ਊਰਜਾ ਦੇ ਖੇਤਰ ਵਿੱਚ ਦਹਾਕਿਆਂ ਪੁਰਾਣਾ ਸਹਿਯੋਗ ਸਾਡੀਆਂ ਸਾਂਝੀਆਂ ਤਰਜੀਹਾਂ ਲਈ ਮਹੱਤਵਪੂਰਨ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਜਿੱਤ-ਜਿੱਤ ਵਾਲਾ ਸਹਿਯੋਗ ਜਾਰੀ ਰਹੇਗਾ। ਮੋਦੀ ਨੇ ਨਾਜ਼ੁਕ ਖਣਿਜਾਂ ਦੇ ਖੇਤਰ ਵਿੱਚ ਸਹਿਯੋਗ ਨੂੰ ਵਧਾਉਣ 'ਤੇ ਵੀ ਜ਼ੋਰ ਦਿੱਤਾ, ਕਿਉਂਕਿ ਇਹ ਸਵੱਛ ਊਰਜਾ, ਉੱਚ-ਤਕਨੀਕੀ ਨਿਰਮਾਣ ਅਤੇ ਨਵੇਂ-ਯੁੱਗ ਦੇ ਉਦਯੋਗਾਂ ਵਿੱਚ ਭਾਈਵਾਲੀ ਲਈ ਠੋਸ ਸਮਰਥਨ ਪ੍ਰਦਾਨ ਕਰੇਗਾ। ਪੂਤਿਨ ਨੇ ਕਿਹਾ ਕਿ ਰੂਸ ਭਾਰਤ ਨੂੰ ਬਿਨਾਂ ਰੁਕਾਵਟ ਈਂਧਨ ਸਪਲਾਈ ਪ੍ਰਦਾਨ ਕਰਨ ਲਈ ਤਿਆਰ ਹੈ ਅਤੇ ਉਹ ਊਰਜਾ ਖੇਤਰ ਵਿੱਚ ਸਹਿਯੋਗ ਵਧਾਉਣ 'ਤੇ ਵਿਚਾਰ ਕਰ ਰਹੇ ਹਨ। ਪੂਤਿਨ ਨੇ ਛੋਟੇ ਮਾਡਿਊਲਰ ਪਰਮਾਣੂ ਰਿਐਕਟਰਾਂ ਅਤੇ ਫਲੋਟਿੰਗ ਪਰਮਾਣੂ ਪਾਵਰ ਪਲਾਂਟਾਂ ਦੇ ਨਿਰਮਾਣ ਵਿੱਚ ਸਹਿਯੋਗ ਦੀ ਸੰਭਾਵਨਾ ਬਾਰੇ ਵੀ ਗੱਲ ਕੀਤੀ। ਇਸ ਤੋਂ ਇਲਾਵਾ ਭਾਰਤੀ ਫਰਮਾਂ ਨੇ ਰੂਸ ਦੀ ਯੂਰਲਕੇਮ ਨਾਲ ਰੂਸ ਵਿੱਚ ਯੂਰੀਆ ਪਲਾਂਟ ਸਥਾਪਤ ਕਰਨ ਲਈ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ ਹਨ। ਮੋਦੀ ਨੇ ਅਤਿਵਾਦ ਦੇ ਮੁੱਦੇ ਨੂੰ ਉਠਾਉਂਦੇ ਹੋਏ ਕਿਹਾ ਕਿ ਚਾਹੇ ਉਹ ਪਹਿਲਗਾਮ ਅਤਿਵਾਦੀ ਹਮਲਾ ਹੋਵੇ ਜਾਂ ਮਾਸਕੋ ਦੇ ਕ੍ਰੋਕਸ ਸਿਟੀ ਹਾਲ 'ਤੇ ਕਾਇਰਾਨਾ ਹਮਲਾ, ਅਜਿਹੀਆਂ ਸਾਰੀਆਂ ਘਟਨਾਵਾਂ ਦੀ ਜੜ੍ਹ ਇੱਕ ਹੀ ਹੈ। ਬੰਦਰਗਾਹ ਅਤੇ ਸ਼ਿਪਿੰਗ ਸੈਕਟਰ ਵਿੱਚ ਸਹਿਯੋਗ ਲਈ ਇੱਕ ਸਮਝੌਤਾ ਵੀ ਹੋਇਆ। ਇਸ ਸਬੰਧ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੋਵੇਂ ਦੇਸ਼ ਹੁਣ ਧਰੁਵੀ ਪਾਣੀਆਂ ਵਿੱਚ ਭਾਰਤੀ ਸਮੁੰਦਰੀ ਜਹਾਜ਼ਾਂ ਦੇ ਸਿਖਲਾਈ 'ਤੇ ਸਹਿਯੋਗ ਕਰਨਗੇ, ਜਿਸ ਨਾਲ ਨਾ ਸਿਰਫ਼ ਆਰਕਟਿਕ ਖੇਤਰ ਵਿੱਚ ਸਹਿਯੋਗ ਮਜ਼ਬੂਤ ਹੋਵੇਗਾ, ਸਗੋਂ ਭਾਰਤ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ।

ਦਿੱਲੀ-ਚੇਨੱਈ 82 ਹਜ਼ਾਰ ਤੇ ਦਿੱਲੀ-ਡੁਬਈ 15 ਹਜ਼ਾਰ 'ਚ

ਮੁਹਾਲੀ : ਇੰਡੀਗੋ ਦੀਆਂ ਉਡਾਣਾਂ ਰੱਦ ਹੋਣ ਕਾਰਨ ਹੋਰਨਾਂ ਏਅਰਲਾਈਨਾਂ ਨੇ ਕਿਰਾਏ ਵਧਾ ਦਿੱਤੇ ਹਨ। 7 ਦਸੰਬਰ ਨੂੰ ਦਿੱਲੀ ਤੋਂ ਬੇਂਗਲੁਰੂ ਦੀ ਟਿਕਟ 37571 ਰੁਪਏ ਦੀ ਬੁੱਕ ਹੋਈ ਹੈ ਤੇ ਸੋਮਵਾਰ ਦੀ 11185 ਰੁਪਏ ਦੀ। ਅਗਲੇ ਹਫਤੇ ਦੇ ਅਖੀਰ ਦੀ ਟਿਕਟ 7173 ਰੁਪਏ ਦੀ ਬੁੱਕ ਹੋਈ ਹੈ। ਦਿੱਲੀ ਤੋਂ ਮੁੰਬਈ ਦੀ ਛੇ ਦਸੰਬਰ ਦੀ ਟਿਕਟ ਘੱਟੋਘੱਟ 36107 ਰੁਪਏ ਤੇ ਵੱਧ ਤੋਂ ਵੱਧ 56 ਹਜ਼ਾਰ ਰੁਪਏ ਦੀ ਬੁੱਕ ਹੋਈ ਹੈ। ਵਾਪਸੀ 'ਤੇ 23 ਤੋਂ 37 ਹਜ਼ਾਰ ਦੀ ਟਿਕਟ ਹੋਵੇਗੀ। ਦਿੱਲੀ-ਚੇਨੱਈ ਦੀ ਟਿਕਟ 62 ਹਜ਼ਾਰ ਤੋਂ 82 ਹਜ਼ਾਰ ਰੁਪਏ ਤੱਕ ਵਿਕੀ ਹੈ। ਦਿੱਲੀ ਤੋਂ ਗੁਹਾਟੀ ਦੀ ਟਿਕਟ 23998 ਤੋਂ 35015 ਰੁਪਏ ਦੀ ਵਿਕੀ ਹੈ। ਦੂਜੇ ਪਾਸੇ ਛੇ ਦਸੰਬਰ ਲਈ ਦਿੱਲੀ-ਡੁਬਈ ਤੇ ਬੇਂਗਲੁਰੂ-ਡੁਬਈ ਦੀ ਟਿਕਟ ਕਰੀਬ 15 ਹਜ਼ਾਰ ਰੁਪਏ ਦੀ ਮਿਲ ਰਹੀ ਸੀ। ਦਿੱਲੀ-ਬੈਂਕਾਕ ਦੀ ਟਿਕਟ 18747 ਰੁਪਏ ਤੱਕ ਵਿਕੀ। ਇੰਡੀਗੋ ਦੀ ਚੰਡੀਗੜ੍ਹ-ਪੁਣੇ ਉਡਾਣ 9 ਘੰਟੇ ਲੇਟ ਹੋ ਗਈ, ਜਿਸ ਕਾਰਨ ਯਾਤਰੀਆਂ ਨੂੰ ਮੁਹਾਲੀ ਦੇ ਹਵਾਈ ਅੱਡੇ 'ਤੇ ਰਾਤ ਬਿਤਾਉਣੀ ਪਈ। ਮੁਹਾਲੀ ਵਿੱਚ ਇੰਡੀਗੋ ਦੇ ਯਾਤਰੀਆਂ ਨੂੰ ਲਗਾਤਾਰ ਚੌਥੇ ਦਿਨ ਵੀ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ, ਕਈ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਅਤੇ ਕਈ ਹੋਰ ਸ਼ੁੱਕਰਵਾਰ ਨੂੰ ਆਪਣੇ ਸਮੇਂ ਤੋਂ ਕਈ ਘੰਟਿਆਂ ਦੀ ਦੇਰੀ ਨਾਲ ਚੱਲੀਆਂ। ਚੰਡੀਗੜ੍ਹ-ਪੁਣੇ ਉਡਾਣ ਨੇ 4 ਦਸੰਬਰ ਨੂੰ ਰਾਤ 9:15 ਵਜੇ ਰਵਾਨਾ ਹੋਣਾ ਸੀ, ਪਰ ਇਹ ਉਡਾਣ ਸ਼ੁੱਕਰਵਾਰ ਸਵੇਰੇ 7:50 ਵਜੇ ਗਈ, ਜਿਸ ਕਾਰਨ ਸਾਰੇ ਯਾਤਰੀਆਂ ਨੂੰ ਮੁਹਾਲੀ ਹਵਾਈ ਅੱਡੇ 'ਤੇ ਰਾਤ ਬਿਤਾਉਣੀ ਪਈ। ਨਿਰਾਸ਼ ਹੋਏ ਯਾਤਰੀਆਂ ਨੇ ਕਿਹਾ ਕਿ ਇੰਡੀਗੋ ਦੇ ਅਧਿਕਾਰੀ ਰਾਤ ਭਰ ਰਵਾਨਗੀ ਦੇ ਸਮੇਂ ਨੂੰ ਕਈ ਵਾਰ ਸੋਧਦੇ ਰਹੇ, ਪਰ ਇਹ ਰਾਤ ਨੂੰ ਉਡਾਣ ਨਾ ਭਰ ਸਕੀ। ਉਨ੍ਹਾਂ ਨੂੰ ਪਹਿਲਾਂ ਰਾਤ 9:15 ਵਜੇ, ਮੁੜ 11:45 ਵਜੇ ਤੇ ਫਿਰ 12:10 ਵਜੇ ਅਤੇ ਬਾਅਦ ਵਿੱਚ 1:10 ਵਜੇ ਉਡਾਣ ਦੇ ਜਾਣ ਬਾਰੇ ਦੱਸਿਆ ਗਿਆ। ਸਵੇਰੇ 7:15 ਵਜੇ ਜਹਾਜ਼ ਵਿਚ ਯਾਤਰੀਆਂ ਨੂੰ ਚੜ੍ਹਨ ਦੀ ਇਜਾਜ਼ਤ ਦਿੱਤੀ ਗਈ।

ਇਸੇ ਦੌਰਾਨ ਹਵਾਈ ਉਡਾਣ ਕੰਪਨੀਆਂ ਦੀ ਨਿਗਰਾਨ ਡੀ ਜੀ ਸੀ ਏ ਨੇ ਹਵਾਈ ਅਮਲੇ ਦੀਆਂ ਛੁੱਟੀਆਂ ਨੂੰ ਹਫਤਾਵਾਰੀ ਆਰਾਮ ਦੀ ਮਿਆਦ ਨਾਲ ਬਦਲਣ ਦੀ ਆਗਿਆ ਦੇ ਕੇ ਉਡਾਣ ਡਿਊਟੀ ਨਿਯਮਾਂ ਨੂੰ ਸੌਖਾਲਾ ਕੀਤਾ ਹੈ। ਇਸ ਤੋਂ ਇਲਾਵਾ ਡੀ ਜੀ ਸੀ ਏ ਦੇ ਮੁਖੀ ਫੈਜ਼ ਅਹਿਮਦ ਕਿਦਵਈ ਨੇ ਇੰਡੀਗੋ ਸੰਕਟ ਦੇ ਮੱਦੇਨਜ਼ਰ ਸੁਚਾਰੂ ਉਡਾਣ ਕਾਰਜਾਂ ਨੂੰ ਯਕੀਨੀ ਬਣਾਉਣ ਲਈ ਸਾਰੇ ਪਾਇਲਟਾਂ ਤੋਂ ਸਹਿਯੋਗ ਮੰਗਿਆ ਹੈ। ਡਾਇਰੈਕਟਰ ਜਨਰਲ ਨੇ ਕਿਹਾ ਕਿ ਇਸ ਦੇਰੀ ਕਾਰਨ ਯਾਤਰੀ ਪ੍ਰੇਸ਼ਾਨ ਹੋ ਰਹੇ ਹਨ।

ਇਸ ਤੋਂ ਪਹਿਲਾਂ ਸੋਧੇ ਹੋਏ ਫਲਾਈਟ ਡਿਊਟੀ ਸਮਾਂ ਸੀਮਾ ਨਿਯਮਾਂ ਅਨੁਸਾਰ ਕਿਹਾ ਗਿਆ ਸੀ ਕਿ ਹਫਤਾਵਾਰੀ ਆਰਾਮ ਲਈ ਕੋਈ ਛੁੱਟੀ ਨਹੀਂ ਬਦਲੀ ਜਾਵੇਗੀ। ਇਸ ਤੋਂ ਬਾਅਦ ਇੰਡੀਗੋ ਤੇ ਹੋਰ ਹਵਾਈ ਉਡਾਣ ਕੰਪਨੀਆਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਤੇ ਇੰਡੀਗੋ ਨੇ ਵੱਡੇ ਪੱਧਰ 'ਤੇ ਆਪਣੀਆਂ ਉਡਾਣਾਂ ਨੂੰ ਰੱਦ ਕਰ ਦਿੱਤਾ।

ਰੂਸੀਆਂ ਨੂੰ ਮਿਲੇਗਾ ਫ੍ਰੀ 30 ਦਿਨ ਦਾ ਈ-ਟੂਰਿਸਟ ਵੀਜ਼ਾ

ਨਵੀਂ ਦਿੱਲੀ : ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਇਸ ਵੇਲੇ ਭਾਰਤ ਦੇ ਦੌਰੇ 'ਤੇ ਹਨ। ਵੀਰਵਾਰ ਨੂੰ ਦਿੱਲੀ ਪਹੁੰਚਣ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਵਾਈ ਅੱਡੇ 'ਤੇ ਉਨ੍ਹਾਂ ਦਾ ਨਿੱਜੀ ਤੌਰ 'ਤੇ ਸਵਾਗਤ ਕੀਤਾ। ਇਸ ਦੌਰੇ ਦੇ ਦੂਜੇ ਦਿਨ ਸ਼ੁੱਕਰਵਾਰ ਨੂੰ, ਦੋਵਾਂ ਨੇਤਾਵਾਂ ਨੇ ਕਈ ਅਹਿਮ ਵਿਸ਼ਿਆਂ 'ਤੇ ਚਰਚਾ ਕੀਤੀ ਅਤੇ ਸਮਝੌਤਿਆਂ ਦਾ ਐਲਾਨ ਕੀਤਾ। ਸਭ ਤੋਂ ਵੱਡਾ ਐਲਾਨ ਸੈਰ-ਸਪਾਟੇ ਸੰਬੰਧੀ ਕੀਤਾ ਗਿਆ। ਰਾਸ਼ਟਰਪਤੀ ਪੁਤਿਨ ਨਾਲ ਇੱਕ ਸਾਂਝੀ ਪ੍ਰੈਸ ਕਾਨਫਰੰਸ (ਸੰਯੁਕਤ ਪ੍ਰੈਸ ਕਾਨਫਰੰਸ) ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਐਲਾਨ ਕੀਤਾ ਕਿ ਭਾਰਤ ਜਲਦੀ ਹੀ ਰੂਸੀ ਨਾਗਰਿਕਾਂ ਲਈ 30 ਦਿਨਾਂ ਦਾ ਮੁਫ਼ਤ ਈ-ਟੂਰਿਸਟ ਵੀਜ਼ਾ ਅਤੇ 30 ਦਿਨਾਂ ਦਾ ਗਰੁੱਪ ਟੂਰਿਸਟ ਵੀਜ਼ਾ ਜਾਰੀ ਕਰੇਗਾ। ਇਸ ਫੈਸਲੇ 'ਤੇ ਖੁਸ਼ੀ ਪ੍ਰਗਟ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਹ ਦੋਵਾਂ ਦੇਸ਼ਾਂ ਵਿਚਕਾਰ ਲੋਕਾਂ ਦੇ ਮੇਲ ਮਿਲਾਪ ਤੇ ਆਵਾਜਾਈ ਲਈ ਬਹੁਤ ਜਰੂਰੀ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਦੋ ਸਮਝੌਤਿਆਂ 'ਤੇ ਵੀ ਦਸਤਖਤ ਕੀਤੇ ਗਏ ਹਨ। ਇਹ ਫੈਸਲਾ ਭਾਰਤ-ਰੂਸ ਦੇ ਮਜ਼ਬੂਤ ??ਸੰਬੰਧਾਂ ਨੂੰ ਹੋਰ ਡੂੰਘਾ ਕਰੇਗਾ, ਖਾਸ ਕਰਕੇ ਸੈਰ-ਸਪਾਟਾ ਅਤੇ ਵਪਾਰ ਦੇ ਖੇਤਰ ਵਿੱਚ। ਈ-ਟੂਰਿਸਟ ਵੀਜ਼ਾ ਇੱਕ ਕਿਸਮ ਦਾ ਇਲੈਕਟਰਾਨਿਕ (ਆਨਲਾਈਨ) ਵੀਜ਼ਾ ਹੈ, ਜਿਸ ਵਿੱਚ ਪੂਰੀ ਤਰ੍ਹਾਂ ਆਨਲਾਈਨ ਅਰਜ਼ੀ ਪ੍ਰਕਿਰਿਆ ਹੈ।

ਦੋ ਮਜ਼ਦੂਰ ਤੀਜੀ ਮੰਜ਼ਲ ਤੋਂ ਡਿੱਗੇ, ਹੋਈ ਮੌਤ

ਜਲੰਧਰ (ਸੁਰਿੰਦਰ ਕੁਮਾਰ)-ਲਾਜਵੰਤੀ ਹਸਪਤਾਲ ਦੇ ਨਾਲ ਸਥਿਤ ਈ ਡੀ ਦੇ ਨੇੜੇ ਇੱਕ ਵਪਾਰਕ ਇਮਾਰਤ ਦੀ ਤੀਸਰੀ ਮੰਜ਼ਲ ਤੇ ਪੇਂਟ ਕਰਦੇ ਦੋ ਮਜ਼ਦੂਰ ਅਚਾਨਕ ਜ਼ਮੀਨ ਤੇ ਡਿੱਗ ਪਏ ਤੇ ਦੋਹਾਂ ਦੀ ਲੋਕਾਂ ਦੇ ਦੇਖਦਾ ਮੁਤਾਬਿਕ ਮੌਤ ਮੌਕੇ 'ਤੇ ਹੀ ਹੋ ਗਈ। ਹਾਦਸੇ ਦੇ ਸ਼ਿਕਾਰ ਦੋਵਾਂ ਮਜ਼ਦੂਰਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਸ ਮੌਕੇ 'ਤੇ ਪੁਹੰਚੀ ਅਤੇ ਦੋਵਾਂ ਮਜ਼ਦੂਰਾਂ ਦੀਆਂ ਲਾਸ਼ਾਂ ਆਪਣੇ ਕਬਜੇ ਵਿੱਚ ਲੈ ਲਈਆਂ।

ਕੇਂਦਰ ਵੱਲੋਂ ਯੂ ਟਰਨ, ਹੁਸੈਨੀਵਾਲਾ ਸਮਾਗਮ ਰੱਦ

ਚੰਡੀਗੜ੍ਹ : ਪੰਜਾਬ ਦੇ ਲੋਕਾਂ ਦੇ ਰੋਹ ਦੇ ਡਰੋਂ ਕੇਂਦਰ ਸਰਕਾਰ ਨੇ ਹੁਸੈਨੀਵਾਲਾ ਵਿਚ ਬੀਕਾਨੇਰ ਕੈਨਾਲ ਦੇ ਸ਼ੁੱਕਰਵਾਰ ਨੂੰ ਹੋਣ ਵਾਲੇ ਸ਼ਤਾਬਦੀ ਸਮਾਰੋਹ ਨੂੰ ਰੱਦ ਕਰ ਦਿੱਤਾ ਹੈ। ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਜੋ ਕਿ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਪੰਜਾਬ ਪੁੱਜ ਗਏ ਸਨ, ਨੂੰ ਵਾਪਸ ਦਿੱਲੀ ਬੁਲਾ ਲਿਆ ਗਿਆ ਹੈ। ਚੇਤੇ ਰਹੇ ਕਿ ਰਾਜਸਥਾਨ ਦੀ ਬੀਕਾਨੇਰ ਨਹਿਰ ਦੇ ਜਸ਼ਨ ਪੰਜਾਬ ਦੀ ਧਰਤੀ 'ਤੇ ਮਨਾਏ ਜਾਣੇ ਸਨ, ਜਿਸ ਤੋਂ ਪੰਜਾਬ ਦੇ ਲੋਕਾਂ ਵਿਚ ਭਾਰੀ ਰੋਸ ਪੈਦਾ ਹੋ ਗਿਆ ਸੀ। ਪੰਜਾਬ ਭਾਜਪਾ ਵੱਲੋਂ ਜ਼ਿਲ੍ਹਾ ਫ਼ਿਰੋਜ਼ਪੁਰ 'ਚ ਬੀਕਾਨੇਰ ਨਹਿਰ ਦੇ ਸ਼ਤਾਬਦੀ ਸਮਾਰੋਹ ਰੱਖੇ ਗਏ ਸਨ। ਸ਼ਤਾਬਦੀ ਸਮਾਰੋਹ ਭਾਜਪਾ ਦੀ ਕੌਮੀ ਕੌਂਸਲ ਦੇ ਵਿਸ਼ੇਸ਼ ਇਨਵਾਇਟੀ ਅਤੇ ਸਾਬਕਾ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਕਰਾ ਰਹੇ ਸਨ। ਸ਼ੁੱਕਰਵਾਰ ਰਾਜਸਥਾਨ ਸਰਕਾਰ ਵੀ ਗੰਗਾਨਗਰ ਵਿੱਚ ਸੂਬਾ ਪੱਧਰੀ ਸਮਾਗਮ ਕਰ ਰਹੀ ਹੈ। ਸੁਆਲ ਉੱਠ ਰਹੇ ਹਨ ਕਿ ਭਾਜਪਾ ਅਜਿਹੇ ਸਮਾਰੋਹ ਕਰਕੇ ਪੰਜਾਬੀਆਂ ਦੀ ਦੁਖਦੀ ਰਗ 'ਤੇ ਹੱਥ ਕਿਉਂ ਰੱਖ ਰਹੀ ਹੈ।

ਲਾਲ ਕਿਲ੍ਹਾ ਧਮਾਕਾ ਮਾਮਲੇ 'ਚ ਸ਼ੋਇਬ ਦੀ ਹਿਰਾਸਤ 10 ਦਿਨ ਵਧਾਈ

ਨਵੀਂ ਦਿੱਲੀ : ਕੌਮੀ ਜਾਂਚ ਏਜੰਸੀ ਨੇ ਸ਼ੁੱਕਰਵਾਰ ਨੂੰ ਲਾਲ ਕਿਲ੍ਹਾ ਧਮਾਕਾ ਕੇਸ ਦੇ ਸੰਬੰਧ ਵਿੱਚ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਵਿੱਚੋਂ ਇੱਕ ਸ਼ੋਇਬ ਨੂੰ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਵਿੱਚ ਪੇਸ਼ ਕੀਤਾ। ਮੁਲਜ਼ਮ ਨੂੰ 10 ਦਿਨਾਂ ਦੀ ਐੱਨ ਆਈ ਏ ਹਿਰਾਸਤ ਪੂਰੀ ਹੋਣ 'ਤੇ ਦੁਪਹਿਰ 12.50 ਵਜੇ ਦੇ ਕਰੀਬ ਪ੍ਰਿੰਸੀਪਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਅੰਜੂ ਬਜਾਜ ਚੰਦਨਾ ਦੇ ਸਾਹਮਣੇ ਪੇਸ਼ ਕੀਤਾ ਗਿਆ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ.ਆਈ.ਏ.) ਵੱਲੋਂ ਉਸ ਦੀ ਹਿਰਾਸਤੀ ਪੁੱਛਗਿੱਛ ਵਧਾਉਣ ਦੀ ਮੰਗ ਕੀਤੀ। ਇਸ ਦੌਰਾਨ ਦਿੱਲੀ ਦੀ ਅਦਾਲਤ ਨੇ ਦੋਸ਼ੀ ਸ਼ੋਇਬ ਦੀ ਐੱਨ ਆਈ ਏ ਹਿਰਾਸਤ 'ਚ 10 ਦਿਨਾਂ ਲਈ ਵਾਧਾ ਕੀਤਾ ਹੈ। ਜ਼ਿਕਰਯੋਗ ਹੈ ਕਿ 10 ਨਵੰਬਰ ਨੂੰ ਲਾਲ ਕਿਲ੍ਹੇ ਨੇੜੇ ਹ

6-DEC-PAGE-1.qxd 12/5/2025 10:28 PM Page 2

ਬਰਮਾਲੀਪੁਰ 'ਚ ਟੀਨੂ ਘਲੋਟੀ ਤੇ ਮਨਪ੍ਰੀਤ ਕੌਰ ਮਲੀਪੁਰ ਨੂੰ ਭਰਵਾਂ ਸਮਰਥਨ

ਦੋਰਾਹਾ (ਹਰਮਿੰਦਰ ਸੇਠ)-ਜ਼ਿਲ੍ਹਾ ਕਾਂਗਰਸ ਪ੍ਰਧਾਨ ਲਖਵੀਰ ਸਿੰਘ ਲੱਖਾ ਪਾਇਲ ਦੀ ਅਗਵਾਈ ਹੇਠ ਪਿੰਡ ਬਰਮਾਲੀਪੁਰ ਵਿੱਚ ਹੋਏ ਵਿਸ਼ਾਲ ਇਕੱਠ ਦੌਰਾਨ ਕੱਦੋਂ ਜ਼ੋਨ ਤੋਂ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਗੁਰਵਿੰਦਰ ਸਿੰਘ ਟੀਨੂ ਘਲੋਟੀ ਤੇ ਬਲਾਕ ਸੰਮਤੀ ਉਮੀਦਵਾਰ ਬੀਬੀ ਮਨਪ੍ਰੀਤ ਕੌਰ ਮਲੀਪੁਰ ਦੇ ਹੱਕ ਵਿੱਚ ਪਿੰਡ ਵਾਸੀਆਂ ਵੱਲੋਂ ਭਰਵਾਂ ਸਮਰਥਨ ਦਿੱਤਾ ਗਿਆ।ਇਕੱਠ ਨੂੰ ਸੰਬੋਧਨ ਕਰਦਿਆਂ ਲੱਖਾ ਪਾਇਲ ਨੇ ਆਮ ਆਦਮੀ ਪਾਰਟੀ 'ਤੇ ਤਿੱਖੇ ਹਮਲੇ ਕਰਦੇ ਕਿਹਾ ਕਿ ਪੰਜਾਬ ਨੂੰ ਧੋਖਾ ਦੇਣ ਵਾਲੀ ਇਹ ਸਰਕਾਰ ਆਪਣੇ ਵਾਅਦਿਆਂ ਤੋਂ ਮੁੱਕਰ ਗਈ ਹੈ ਤੇ ਉਮੀਦਵਾਰ ਤੱਕ ਫਾਈਨਲ ਨਾ ਕਰ ਸਕਣ ਕਾਰਨ ਲੋਕਾਂ ਦਾ ਭਰੋਸਾ ਗੁਆ ਚੁੱਕੀ ਹੈ।ਉਨ੍ਹਾਂ ਆਪ ਆਗੂਆਂ ਦੀਆਂ ਹਿੰਸਕ ਬੋਲੀਆਂ ਦੀ ਨਿੰਦਾ ਕਰਦਿਆਂ ਕਿਹਾ ਕਿ ਹਲਕਾ ਪਾਇਲ ਦੇ ਮਾਰਸ਼ਲ ਲੋਕ ਅਜਿਹੇ ਆਗੂਆਂ ਨੂੰ ਮੁੰਢੇ ਟੋਰ ਜਵਾਬ ਦੇਣਗੇ।ਸਮਾਗਮ ਦੌਰਾਨ ਦੋਵਾਂ ਉਮੀਦਵਾਰਾਂ ਨੂੰ ਪਿੰਡ ਵਾਸੀਆਂ ਸਮੇਤ ਹਰਪ੍ਰੀਤ ਸਿੰਘ ਪ੍ਰਧਾਨ, ਹਰਿੰਦਰ ਸਿੰਘ ਰਣਦਿਓ, ਦਲਜੀਤ ਸਿੰਘ ਹੈਪੀ, ਕੁਲਵੀਰ ਸਿੰਘ ਹੇਅਰ, ਕਸ਼ਮੀਰਾ ਸਿੰਘ ਤੂਰ, ਮੈਨੇਜਰ ਲੱਖਾ ਸਿੰਘ ਆਦਿ ਵੱਲੋਂ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ, ਜਦਕਿ ਸੇਵਾ ਮੁਕਤ ਪੁਲਸ ਇੰਸਪੈਕਟਰ ਵਿਜੇ ਕੁਮਾਰ ਦਾ ਵੀ ਸਨਮਾਨ ਕੀਤਾ ਗਿਆ।ਇਕੱਠ ਵਿੱਚ ਰਾਮਪ੍ਰਕਾਸ਼ ਸਿੰਘ ਪੱਪੂ ਅੜੈਚਾ, ਕਾਲਾ ਕੱਦੋਂ, ਗੁਰੀ ਨੰਬਰਦਾਰ ਔਲਖ, ਸਾਬਕਾ ਸਰਪੰਚ ਕੁਲਵੰਤ ਸਿੰਘ ਮਲੀਪੁਰ, ਰਾਜਿੰਦਰ ਸਿੰਘ ਮਲੀਪੁਰ, ਰਣਜੀਤ ਸਿੰਘ ਮੱਖਣ, ਦੀਦਾਰ ਸਿੰਘ, ਸਤਿੰਦਰਜੀਤ ਸਿੰਘ ਬਰਾੜ, ਜਸਦੇਵ ਸਿੰਘ ਪੋਲਾ, ਸੂਬੇਦਾਰ ਜਗਜੀਤ ਸਿੰਘ, ਗੁਰਪ੍ਰੀਤ ਸਿੰਘ ਤੂਰ, ਨਿਰਮਲ ਸਿੰਘ, ਬਹਾਦਰ ਸਿੰਘ ਪਾਲੀ, ਜਗਦੀਪ ਸਿੰਘ ਨੋਨਾ, ਜਗਵੀਰ ਸਿੰਘ ਹੇਅਰ, ਲਖਮੀਰ ਸਿੰਘ, ਲਖਵੀਰ ਸਿੰਘ ਹੇਅਰ, ਗੁਰਮੀਤ ਸਿੰਘ, ਕੁਲਵੰਤ ਸਿੰਘ, ਬਸੰਤ ਸਿੰਘ ਭੁੱਟੀ, ਕਮਲ ਹੇਅਰ, ਜਸਪ੍ਰੀਤ ਸਿੰਘ ਜੱਸਾ, ਰਾਜਿੰਦਰ ਸਿੰਘ ਕਾਲਾ, ਮਨਜੀਤ ਸਿੰਘ, ਹਰਦੀਪ ਸਿੰਘ ਸੋਨੀ, ਜਗਦੀਪ ਸਿੰਘ ਵਿੱਕੀ, ਬਿੰਦੀ ਆਦਿ ਹਾਜ਼ਰ ਸਨ।

ਰੇਲ ਰੋਕੋ ਅੰਦੋਲਨ ਨੂੰ ਕਾਮਯਾਬ ਕਰਨ ਲਈ ਕਿਸਾਨਾਂ ਦਾ ਜੱਥਾ ਰਵਾਨਾ

ਆਪ ਸਰਕਾਰ ਵੱਲੋਂ ਕਿਸਾਨ ਆਗੂਆਂ ਦੀ ਫੜੋ-ਫੜਾਈ ਦੀ ਜ਼ੋਰਦਾਰ ਨਿੰਦਾ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਕਿਸਾਨ ਮਜ਼ਦੂਰ ਮੋਰਚੇ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਦਿੱਤੇ ਰੇਲ ਰੋਕੋ ਅੰਦੋਲਨ ਦੇ ਨੂੰ ਅਮਲੀ ਰੂਪ ਵਿੱਚ ਕਾਮਯਾਬ ਬਣਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦਾ ਜਥਾ ਜਥੇਬੰਦੀ ਦੇ ਸਵਾਈ ਆਗੂ ਮਨਜੀਤ ਸਿੰਘ ਨਿਆਲ ਦੀ ਅਗਵਾਈ ਵਿੱਚ ਨਾਭਾ ਲਈ ਰਵਾਨਾ ਹੋਇਆ।ਇਸ ਦੌਰਾਨ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਰੇਲ ਰੋਕੋ ਅੰਦੋਲਨ ਨੂੰ ਅਸਫਲ ਬਣਾਉਣ ਲਈ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਿਸਾਨ ਆਗੂਆਂ ਦੀਆਂ ਕੀਤੀਆਂ ਜਾ ਰਹੀਆਂ ਗ੍ਰਿਫਤਾਰੀਆਂ ਦੇ ਵਿਰੋਧ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਜਥੇ ਦੀ ਅਗਵਾਈ ਕਰ ਰਹੇ ਕਿਸਾਨ ਆਗੂ ਮਨਜੀਤ ਸਿੰਘ ਨਿਆਲ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਲੋਕਾਂ ਪ੍ਰਤੀ ਬਹੁਤ ਮਾੜੀ ਹੈ, ਜੋ ਕਿ ਕਿਸਾਨਾਂ ਮਜ਼ਦੂਰਾਂ ਨੂੰ ਰੋਲਣ 'ਤੇ ਲੱਗੀ ਹੋਈ ਹੈ ਤੇ ਕਾਰਪੋਰੇਟ ਘਰਾਣਿਆਂ ਦੀ ਪਿੱਠ ਥਾਪੜਦਿਆਂ ਉਨ੍ਹਾਂ ਦੀ ਹਮਾਇਤ ਵਿੱਚ ਲਿਆਂਦੇ ਵੱਡੇ ਕਾਨੂੰਨ ਆਮ ਲੋਕਾਂ ਉੱਤੇ ਥੋਪੇ ਜਾ ਰਹੇ ਹਨ।ਕਿਸਾਨ ਅੰਦੋਲਨ ਦੌਰਾਨ ਮੰਨੀਆਂ ਹੋਈਆਂ ਮੰਗਾਂ ਪੂਰੀਆਂ ਕਰਵਾਉਣ ਦੀ ਬਜਾਏ ਆਪ ਸਰਕਾਰ ਕੇਂਦਰ ਦਾ ਹੱਥ ਠੋਕਾ ਬਣੀ ਹੋਈ ਹੈ।ਉਨ੍ਹਾਂ ਕਿਹਾ ਕਿ ਸਰਕਾਰ ਆਪਣੀ ਤਖਤ ਦੀ ਨਜਾਇਜ਼ ਵਰਤੋਂ ਕਰਦਿਆਂ ਰੇਲ ਰੋਕੋ ਅੰਦੋਲਨ ਨੂੰ ਅਸਫਲ ਬਣਾਉਣ ਲਈ ਕਿਸਾਨ ਆਗੂਆਂ ਨੂੰ ਵੱਡੇ ਪੱਧਰ 'ਤੇ ਰਾਤ ਤੋਂ ਲੈ ਕੇ ਸਵੇਰ ਦੇ 7 ਵਜੇ ਤੱਕ ਘਰਾਂ ਵਿੱਚ ਨਜ਼ਰਬੰਦ ਤੇ ਗ੍ਰਿਫਤਾਰੀਆਂ ਪਾ ਕੇ ਥਾਣਿਆਂ ਵਿੱਚ ਬੰਦ ਕਰਨ ਦੀ ਜੋ ਕਾਰਵਾਈ ਕੀਤੀ ਗਈ ਹੈ, ਇਸ ਨਾਲ ਪੰਜਾਬ ਸਰਕਾਰ ਦਾ ਲੋਕ ਵਿਰੋਧੀ ਚਿਹਰਾ ਸਾਹਮਣੇ ਆਇਆ ਹੈ।ਉਨ੍ਹਾਂ ਕਿਹਾ ਕਿ ਕਿਸਾਨ ਮਜ਼ਦੂਰ ਮੋਰਚਾ ਆਉਣ ਵਾਲੀ 10, 11 ਦਸੰਬਰ ਨੂੰ ਚਿੱਪਾਂ ਵਾਲੇ ਮੀਟਰ ਪੂਰੇ ਪੰਜਾਬ ਦੇ ਵੱਖ-ਵੱਖ ਪਿੰਡਾਂ ਵਿੱਚੋਂ ਲਾਹ ਕੇ ਬਿਜਲੀ ਘਰਾਂ ਵਿੱਚ ਜਮ੍ਹਾਂ ਕਰਾਏ ਜਾਣੇ ਹਨ ਤੇ 17, 18 ਦਸੰਬਰ ਨੂੰ ਡੀ ਸੀ ਦਫਤਰਾਂ ਦੇ ਪੱਕੇ ਮੋਰਚੇ ਇਨ੍ਹਾਂ ਮੰਗਾਂ ਨੂੰ ਲੈ ਕੇ ਤੇ 19 ਤਰੀਕ ਨੂੰ ਰੇਲਵੇ ਟਰੈਕਾਂ 'ਤੇ ਅਣਮਿੱਥੇ ਸਮੇਂ ਲਈ ਬੈਠਣ ਦਾ ਪ੍ਰੋਗਰਾਮ ਜ਼ੋਰ ਸ਼ੋਰ ਨਾਲ ਲਾਗੂ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਕੌਰ ਬਰਾਸ, ਜ਼ਿਲ੍ਹਾ ਆਗੂ ਯਾਦਵਿੰਦਰ ਸਿੰਘ ਬੂਰੜ, ਬਲਾਕ ਪ੍ਰਧਾਨ ਮਨਦੀਪ ਸਿੰਘ ਭੂਤਗੜ੍ਹ, ਜਨਰਲ ਸਕੱਤਰ ਅਮਰਿੰਦਰ ਸਿੰਘ ਘੱਗਾ, ਪ੍ਰਧਾਨ ਹਰਦਿਆਲ ਸਿੰਘ ਘੱਗਾ, ਨਿਸ਼ਾਨਾ ਸਿੰਘ ਬੂਰੜ, ਰਾਜ ਕੌਰ ਬਰਾਸ ਪਿੰਡ ਇਕਾਈਆਂ ਦੇ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

ਕਿੱਲੋ ਹੈਰੋਇਨ ਸਮੇਤ 3 ਕਾਬੂ, ਮੁਕੱਦਮਾ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ 1 ਕਿੱਲੋ ਹੈਰੋਇਨ ਸਣੇ 3 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਐੱਸ.ਆਈ. ਕੁਲਵੰਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਥਾਣਾ ਇਲਾਕੇ ਵਿੱਚ ਮੌਜੂਦ ਸੀ ਤੇ ਟੀ-ਪੁਆਇਟ ਢਾਣੀ ਮਾਘ ਸਿੰਘ ਵਾਲਾ ਦੇ ਕੋਲ ਨਾਕਾਬੰਦੀ ਕੀਤੀ ਹੋਈ ਸੀ ਤਾਂ ਇੱਕ ਮੋਟਰਸਾਈਕਲ ਡਿਸਕਵਰ 'ਤੇ ਸਵਾਰ ਹੋ ਕੇ ਜਲਾਲਾਬਾਦ ਨੂੰ ਜਾ ਰਹੇ ਸੀ, ਜਿਨ੍ਹਾਂ ਨੂੰ ਰੋਕ ਕੇ ਚੈਕਿੰਗ ਕਰਨ 'ਤੇ 1 ਕਿੱਲੋ ਗ੍ਰਾਮ ਹੈਰੋਇਨ ਬਰਾਮਦ ਹੋਈ।

ਪੁਲਸ ਨੇ ਗਣੇਸ਼ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਹਜਾਰਾ ਰਾਮ ਸਿੰਘ ਵਾਲਾ, ਅਮਰਿੰਦਰ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਪਿੰਡ ਜੋਧਾ ਭੈਣੀ ਹਾਲ ਆਬਾਦ ਬਸਤੀ ਕੋਰਾਂ ਤੇ ਅਰੁਣਦੀਪ ਸਿੰਘ ਪੁੱਤਰ ਹਰਮੇਸ਼ ਸਿੰਘ ਵਾਸੀ ਪਿੰਡ ਮੋਹਰ ਸਿੰਘ ਵਾਲਾ ਨੂੰ ਹੈਰੋਇਨ ਸਮੇਤ ਕਾਬੂ ਕਰਨ ਉਪਰੰਤ ਥਾਣਾ ਸਦਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

ਸਰਬੱਤ ਦਾ ਭਲਾ ਟਰੱਸਟ ਵੱਲੋਂ ਥਰੈਪੀ ਦਾ ਮੁਫ਼ਤ ਕੈਂਪ

ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ, ਸ਼ਮਿੰਦਰਪਾਲ, ਪੂਜਾ)-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਗੁਰਦੁਆਰਾ ਸਾਹਿਬ ਪਿੰਡ ਮਾਨ ਸਿੰਘ ਵਾਲਾ ਵਿੱਚ ਲੋਕਾਂ ਨੂੰ ਆ ਰਹੀਆਂ ਸਰੀਰਕ ਤਕਲੀਫਾਂ ਨੂੰ ਅਸਾਨ ਤਰੀਕੇ ਨਾਲ ਹੱਲ ਕਰਨ ਲਈ ਨਿਊਰੋ ਥੈਰੇਪੀ, ਮੈਨੂਅਲ ਥਰੈਪੀ, ਸੀ ਪੀ ਚਾਈਲਡ ਥਰੈਪੀ ਦਾ ਮੁਫਤ ਕੈਂਪ ਲਗਾਇਆ ਗਿਆ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਕੈਂਪ ਵਿੱਚ ਡਾਕਟਰ ਸੁਖਮੰਦਰ ਸਿੰਘ ਸਰਾਂ, ਡਾਕਟਰ ਨਰਿੰਦਰ ਪਾਲ ਸਿੰਘ ਸੰਧੂ, ਡਾਕਟਰ ਸੌਰਵ ਕੁਮਾਰ ਜੁਨੇਜਾ, ਡਾਕਟਰ ਹਰਪ੍ਰੀਤ ਸਿੰਘ, ਡਾਕਟਰ ਅਵਿਨਾਸ਼ ਕੁਮਾਰ ਆਦਿ ਨੇ ਇਨ੍ਹਾਂ ਪ੍ਰਣਾਲੀਆਂ ਰਾਹੀਂ ਵੱਖ ਵੱਖ ਬੀਮਾਰੀਆਂ ਤੋਂ ਛੁਟਕਾਰਾ ਪਾਉਣ ਲਈ ਪ੍ਰੇਰਿਤ ਕੀਤਾ ਅਤੇ ਬੀਮਾਰੀਆਂ ਤੋਂ ਪੀੜਤ ਲੋਕਾਂ ਨੂੰ ਮੌਕੇ 'ਤੇ ਥਰੈਪੀਆਂ ਕਰਕੇ ਵੀ ਦਿਖਾਇਆ ਗਿਆ। ਇਸ ਮੌਕੇ ਸੀ ਸੀ ਹਮਿਓਨ ਹਸਪਤਾਲ ਦਾ ਵਿਸ਼ੇਸ਼ ਸਹਿਯੋਗ ਰਿਹਾ।ਵੱਖ ਵੱਖ ਤਰ੍ਹਾਂ ਦੀਆਂ ਥਰੈਪੀਆਂ ਲੈਣ ਤੋਂ ਬਾਅਦ ਮਰੀਜ਼ਾਂ ਵੱਲੋਂ ਸਰੀਰਕ ਪੱਖੋਂ ਰਾਹਤ ਮਹਿਸੂਸ ਕੀਤੀ ਗਈ।ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ ਅਸ਼ੋਕ ਕੁਮਾਰ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ, ਹਰਭਗਵਾਨ ਸਿੰਘ ਖੱਪਿਆਂਵਾਲ਼ੀ, ਕਾਲਾ ਖੱਪਿਆਂਵਾਲ਼ੀ, ਦਰਸ਼ਨ ਸਿੰਘ ਸਰਪੰਚ ਅਤੇ ਸਮੂਹ ਮੈਂਬਰ ਪੰਚਾਇਤ ਤੇ ਨਗਰ ਨਿਵਾਸੀ ਹਾਜ਼ਰ ਸਨ।

ਜਥੇਦਾਰ ਮਾਹਲਾ ਦੀ ਅਗਵਾਈ 'ਚ ਅਕਾਲੀ ਦਲ ਹੂੰਝਾ ਫੇਰ ਜਿੱਤ ਪ੍ਰਾਪਤ ਕਰੇਗਾ : ਆਗੂ

ਬਾਘਾ ਪੁਰਾਣਾ (ਮਨੀ ਸਿੰਗਲਾ)-ਜਥੇਦਾਰ ਤੀਰਥ ਸਿੰਘ ਮਾਹਲਾ ਦੀ ਮਜ਼ਬੂਤ ਤੇ ਦੂਰਦਰਸ਼ੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਇਕ ਵਾਰ ਫਿਰ ਹੂੰਝਾ ਫੇਰ ਜਿੱਤ ਹਾਸਲ ਕਰੇਗਾ।ਇਹ ਗੱਲ ਅਕਾਲੀ ਦਲ ਦੇ ਸੀਨੀਅਰ ਆਗੂ ਤਰਲੋਚਨ ਸਿੰਘ ਕਾਲੇਕੇ, ਸਾਬਕਾ ਚੇਅਰਮੈਨ ਬਚਿੱਤਰ ਸਿੰਘ, ਸਰਕਲ ਪ੍ਰਧਾਨ ਘੋਲੀਆ ਹਰਜਿੰਦਰ ਸਿੰਘ ਗਿੱਲ (ਕੈਨੇਡਾ) ਤੇ ਯੂਥ ਆਗੂ ਮਨਪ੍ਰੀਤ ਸਿੰਘ ਗਿੱਲ (ਕੈਨੇਡਾ) ਨੇ ਸਾਂਝੇ ਪ੍ਰੈੱਸ ਰਿਲੀਜ਼ ਰਾਹੀਂ ਕਹੀ।ਆਗੂਆਂ ਨੇ ਕਿਹਾ ਕਿ ਹਲਕੇ ਬਾਘਾ ਪੁਰਾਣਾ ਵਿੱਚ ਜਥੇਦਾਰ ਮਾਹਲਾ ਨੇ ਹਮੇਸ਼ਾ ਕਦਮੀ ਕਦਮ ਲੋਕਾਂ ਦੀ ਨੁਮਾਇੰਦਗੀ ਕਰਦੇ ਹੋਏ ਵਿਕਾਸ, ਭਲਾਈ ਤੇ ਨੀਂਹੀ ਪੱਧਰ 'ਤੇ ਲੋਕਾਂ ਨਾਲ ਜੁੜਾਵ ਨੂੰ ਪ੍ਰਮੁੱਖਤਾ ਦਿੱਤੀ ਹੈ।ਇਸ ਕਾਰਨ ਪਿੰਡਾਂ ਤੇ ਸ਼ਹਿਰੀ ਵਸਨੀਕਾਂ ਵਿੱਚ ਅਕਾਲੀ ਦਲ ਲਈ ਮਜ਼ਬੂਤ ਵਿਸ਼ਵਾਸ ਬਣਿਆ ਹੈ।ਉਨ੍ਹਾਂ ਦਾ ਕਹਿਣਾ ਸੀ ਕਿ ਮਾਹਲਾ ਦੀ ਅਗਵਾਈ ਹੇਠ ਪਿੰਡ-ਪਿੰਡ, ਬੂਥ-ਬੂਥ ਤੱਕ ਵੱਖ-ਵੱਖ ਟੀਮਾਂ ਦਿਨ-ਰਾਤ ਜਨਸੰਪਰਕ ਮੁਹਿੰਮ ਚਲਾ ਰਹੀਆਂ ਹਨ, ਜਿਸ ਦਾ ਸਿੱਧਾ ਲਾਭ ਆਉਣ ਵਾਲੀਆਂ ਚੋਣਾਂ ਵਿੱਚ ਵੇਖਣ ਨੂੰ ਮਿਲੇਗਾ।ਤਰਲੋਚਨ ਸਿੰਘ ਕਾਲੇਕੇ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਜ਼ਮੀਨੀ ਪੱਧਰ ਦੇ ਮੁੱਦਿਆਂ ਨੂੰ ਸਭ ਤੋਂ ਅੱਗੇ ਰੱਖਣ ਵਾਲੀ ਪਾਰਟੀ ਹੈ ਤੇ ਪਿਛਲੇ ਸਮਿਆਂ ਦੌਰਾਨ ਪਿੰਡਾਂ ਵਿੱਚ ਜੋ ਕੰਮ ਹੋਏ, ਉਹ ਅਕਾਲੀ ਦਲ ਦੀ ਲੋਕ-ਹਿੱਤਕਾਰੀ ਸੋਚ ਦਾ ਸਾਫ਼ ਪ੍ਰਮਾਣ ਹਨ।ਸਾਬਕਾ ਚੇਅਰਮੈਨ ਬਚਿੱਤਰ ਸਿੰਘ ਨੇ ਕਿਹਾ ਕਿ ਪਿੰਡਾਂ ਵਿੱਚ ਕੀਤੇ ਵਿਕਾਸ ਕਾਰਜਾਂ ਤੇ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਲੋਕਾਂ ਨਾਲ ਨਿੱਘੀ ਜੁੜਤਾਰੀ ਨੇ ਅਕਾਲੀ ਦਲ ਲਈ ਜਿੱਤ ਦਾ ਮਾਹੌਲ ਤਿਆਰ ਕਰ ਦਿੱਤਾ ਹੈ।ਹਰਜਿੰਦਰ ਸਿੰਘ ਗਿੱਲ ਤੇ ਮਨਪ੍ਰੀਤ ਸਿੰਘ ਗਿੱਲ, ਜੋ ਇਸ ਵੇਲੇ ਕੈਨੇਡਾ ਵਿੱਚ ਰਹਿ ਰਹੇ ਹਨ, ਨੇ ਵੀ ਵੀਡੀਓ ਕਾਲ ਰਾਹੀਂ ਕਾਰਕੁਨਾਂ ਨੂੰ ਸੰਬੋਧਨ ਕੀਤਾ ਤੇ ਕਿਹਾ ਕਿ ਪ੍ਰਦੇਸ ਵਸਦੇ ਪੰਜਾਬੀਆਂ ਵਿੱਚ ਵੀ ਜਥੇਦਾਰ ਮਾਹਲਾ ਦੀ ਸਾਫ਼-ਸੁਥਰੀ ਛਵੀ ਬਾਰੇ ਵੱਡਾ ਉਤਸ਼ਾਹ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਚੋਣਾਂ ਵਿੱਚ ਅਕਾਲੀ ਦਲ ਦੀ ਭਾਰੀ ਭਰਕਮ ਜਿੱਤ ਨਿਸ਼ਚਿਤ ਹੈ।ਆਗੂਆਂ ਨੇ ਕਾਰਕੁਨਾਂ ਨੂੰ ਅਪੀਲ ਕੀਤੀ ਕਿ ਘਰ-ਘਰ ਤੱਕ ਪਾਰਟੀ ਦੀ ਨੀਤੀ, ਨਿੱਤੀਆਂ ਤੇ ਵਿਕਾਸ ਮਾਡਲ ਨੂੰ ਲੈ ਕੇ ਜਾਇਆ ਜਾਵੇ ਤਾਂ ਕਿ ਹਲਕਾ ਬਾਘਾ ਪੁਰਾਣਾ ਇੱਕ ਵਾਰ ਫਿਰ ਅਕਾਲੀ ਝੰਡਾ ਲਹਿਰਾ ਕੇ ਮਜ਼ਬੂਤ ਸੰਦੇਸ਼ ਦੇ ਸਕੇ।

ਪੀ ਜੀ ਆਈ ਦੇ ਚਾਰ ਡਾਕਟਰ ਰਾਸ਼ਟਰੀ ਪੱਧਰ 'ਤੇ ਸਨਮਾਨਤ

ਸਮਰਾਲਾ (ਸੁਰਜੀਤ ਸਿੰਘ)-ਪੀਜੀਆਈ ਚੰਡੀਗੜ੍ਹ ਦੇ ਚਾਰ ਡਾਕਟਰਾਂ ਨੂੰ ਦੋ ਮਹੱਤਵਪੂਰਨ ਰਾਸ਼ਟਰੀ ਡੈਂਟਲ ਕਾਨਫਰੰਸਾਂ ਵਿੱਚ ਆਪਣੀ ਮਹੱਤਵਪੂਰਨ ਉਪਲੱਬਧੀਆਂ ਕਰਕੇ ਸਨਮਾਨਤ ਕੀਤਾ ਗਿਆ ਹੈ। ਭਾਰਤੀ ਓਰਥੋਡਾਂਟਿਕ ਸੋਸਾਇਟੀ ਕਾਨਫਰੰਸ ਵਿਸਾਖਾਪਟਨਮ ਵਿੱਚ ਪ੍ਰੋ. ਐੱਸ. ਪੀ. ਸਿੰਘ ਪ੍ਰੋਫੈਸਰ ਤੇ ਮੁਖੀ ਨੂੰ ਆਉਟਸਟੈਂਡਿੰਗ ਪ੍ਰੋਫੈਸਰ ਐਵਾਰਡ ਨਾਲ ਸਨਮਾਨਤ ਕੀਤਾ ਗਿਆ।ਇਸੇ ਤਰ੍ਹਾਂ ਡਾ. ਸੰਜੀਵ ਵਰਮਾ ਐਡੀਸ਼ਨਲ ਪ੍ਰੋਫੈਸਰ ਯੂਨਿਟ ਆਫ਼ ਓਰਥੋਡਾਂਟਿਕਸ ਤੀਸਰੀ ਵਾਰ ਲਗਾਤਾਰ ਐਗਜ਼ੈਕਟੀਵ ਕਮੇਟੀ ਦੇ ਮੈਂਬਰ ਵਜੋਂ ਚੁਣੇ ਗਏ।ਯੂਨਿਟ ਆਫ਼ ਓਰਥੋਡਾਂਟਿਕਸ ਨੇ ਇਸ ਕਾਨਫਰੰਸ ਵਿੱਚ ਦੋ ਰਿਸਰਚ ਐਵਾਰਡ ਵੀ ਹਾਸਲ ਕੀਤੇ, ਜੋ ਇਸ ਦੀ ਮਜ਼ਬੂਤ ਅਕਾਦਮਿਕ ਪਹੁੰਚ ਨੂੰ ਦਰਸਾਉਂਦੇ ਹਨ।ਮੰਗਲੂਰੂ ਵਿੱਚ ਹੋਈ ਰਾਸ਼ਟਰੀ ਕਾਨਫਰੰਸ ਵਿੱਚ ਡਾ. ਅਰਪਿਤ ਗੁਪਤਾ ਐਡੀਸ਼ਨਲ ਪ੍ਰੋਫੈਸਰ ਯੂਨਿਟ ਆਫ਼ ਪਬਲਿਕ ਹੈਲਥ ਡੈਂਟਿਸਟਰੀ ਨੂੰ ਪਬਲਿਕ ਹੈਲਥ ਡੈਂਟਿਸਟਰੀ ਖੇਤਰ ਵਿੱਚ ਸਭ ਤੋਂ ਵੱਧ ਰਾਸ਼ਟਰੀ ਰਿਸਰਚ ਆਉਟਪੁੱਟ ਲਈ ਮਣੀ ਭਾਗਯਲਕਸ਼ਮੀ ਸਿਲਵਰ ਜੁਬਲੀ ਐਂਡੋਮੈਂਟ ਐਵਾਰਡ ਨਾਲ ਸਨਮਾਨਤ ਕੀਤਾ

6-Dec-PAGE-3.qxd 12/5/2025 10:40 PM Page 1

ਦਿ ਪੈਨਸ਼ਨਰ ਐਂਡ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਮੰਗਾਂ ਨੂੰ ਲੈ ਕੇ ਅਹਿਮ ਵਿਚਾਰ-ਵਟਾਂਦਰਾ

ਪੱਟੀ (ਬਲਦੇਵ ਸਿੰਘ ਸੰਧੂ)

ਗਾਂਧੀ ਪਾਰਕ ਤਰਨ ਤਾਰਨ ਵਿਖੇ ਪੈਨਸ਼ਨਰਜ਼ ਦੀ ਮੀਟਿੰਗ ਬਲਦੇਵ ਸਿੰਘ ਕੱਲਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਭ ਤੋਂ ਪਹਿਲਾਂ ਅਮਰਨਾਥ ਮਹਿਤਾ ਜਨਕ ਦੁਲਾਰੀ ਅਤੇ ਵਰਿੰਦਰ ਕੌਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਜ਼ਿਲ੍ਹਾ ਸਕੱਤਰ ਸਤਪਾਲ ਸ਼ਰਮਾ ਨੇ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਦੀ ਜ਼ੋਰਦਾਰ ਨਿਖੇਧੀ ਕੀਤੀ। ਬਜ਼ੁਰਗ ਪੈਨਸ਼ਨਰਾਂ ਨਾਲ ਬਹੁਤ ਵੱਡਾ ਧੋਖਾ ਕਰ ਰਹੀ ਹੈ। ਪੈਨਸ਼ਨਰਾਂ ਨੂੰ 2.59 ਦਾ ਫੈਕਟਰ ਡੀਏ ਦਾ 16% ਕਿਸ਼ਤਾਂ ਦਾ ਬਕਾਇਆ ਕੈਸ਼ਲੈੱਸ ਮੈਡੀਕਲ ਸਹੂਲਤ ਯਕਮੁਸ਼ਤ ਬਕਾਇਆ ਨਹੀਂ ਦਿੱਤਾ ਜਾ ਰਿਹਾ। ਪੰਜਾਬ ਸਰਕਾਰ ਪੈਨਸ਼ਨਰਾਂ ਨਾਲ ਮੀਟਿੰਗ ਰੱਖ ਕੇ ਵੀ ਅਜੇ ਤੱਕ ਕੋਈ ਮੀਟਿੰਗ ਨਹੀਂ ਕਰ ਸਕੀ। ਹਰ ਵਾਰ ਮੀਟਿੰਗ ਦਾ ਸਮਾਂ ਅੱਗੇ ਪਾਇਆ ਜਾ ਰਿਹਾ ਹੈ। ਸੂਬਾ ਕਮੇਟੀ ਮੈਂਬਰ ਜਗਤਾਰ ਸਿੰਘ ਆਸਲ ਨੇ ਕੇਂਦਰ ਅਤੇ ਪੰਜਾਬ ਸਰਕਾਰ ਦੀ ਪੁਰਾਣੀ ਪੈਨਸ਼ਨ ਬੰਦ ਕਰਨ ਦੀ ਘੋਰ ਨਿੰਦਾ ਕੀਤੀ। ਨਵੇਂ ਕਿਰਤ ਕਾਨੂੰਨ ਜੋ ਮਜ਼ਦੂਰ ਮੁਲਾਜ਼ਮ ਅਤੇ ਕਿਰਤੀ ਵਰਗ ਦੇ ਵਿਰੋਧ ਵਿੱਚ ਪਾਸ ਕੀਤੇ ਹਨ। ਉਹ ਫੈਸਲੇ ਵਾਪਸ ਲੈਣ ਦੀ ਮੰਗ ਕੀਤੀ। ਕੇਂਦਰ ਸਰਕਾਰ ਪੰਜਾਬ ਯੂਨੀਵਰਸਿਟੀ ਅਤੇ ਪੰਜਾਬੀਆਂ ਨਾਲ ਘੋਰ ਵਿਤਕਰਾ ਕਰ ਰਹੀ ਹੈ। ਸ਼ਿੰਗਾਰਾ ਸਿੰਘ ਘੜਕਾਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਨੀਤੀਆਂ ਜੋ ਭਾਰਤੀ ਲੋਕਾਂ ਦੇ ਵਿਰੋਧ ਵਿੱਚ ਹਨ ਉਨ੍ਹਾਂ 'ਤੇ ਚਾਨਣਾ ਪਾਇਆ। ਦਵਿੰਦਰ ਸਿੰਘ ਗਰੇਵਾਲ ਆਪਣੇ ਸਾਥੀਆਂ ਸਮੇਤ ਮੀਟਿੰਗ ਵਿੱਚ

ਸ਼ਾਮਿਲ ਹੋਏ। ਮੰਗਾਂ ਸਬੰਧੀ ਵਿਸਥਾਰ ਨਾਲ ਚਾਨਣਾ ਪਾਇਆ। ਮੁੱਖ ਬੁਲਾਰਿਆਂ ਵਿੱਚ ਦਲਬੀਰ ਸਿੰਘ ਚੋਲਾ ਸਾਹਿਬ, ਸੁਖਦੇਵ ਸਿੰਘ ਮਰਹਾਣਾ, ਬਖਸ਼ੀਸ਼ ਸਿੰਘ ਜਵੰਧਾ, ਸੁਖਦੇਵ ਸਿੰਘ ਬਾਗੜੀਆਂ, ਬਲਦੇਵ ਸਿੰਘ ਵਿੱਤ ਸਕੱਤਰ, ਭੈਣ ਨੀਰੂ ਧਵਨ, ਲੇਖਰਾਜ ਦੇਵਗਨ, ਤਜਿੰਦਰ ਸਿੰਘ ਕੱਲਾ, ਅਸ਼ਵਨੀ ਕੁਮਾਰ ਆਦਿ ਹਾਜ਼ਰ ਸਨ। ਪ੍ਰਧਾਨਗੀ ਭਾਸ਼ਣ ਕਰਦੇ ਹੋਏ ਜ਼ਿਲਾ ਪ੍ਰਧਾਨ ਬਲਦੇਵ ਸਿੰਘ ਕੱਲਾ ਨੇ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਹਾਲਤ ਬੁਰੀ ਤਰ੍ਹਾਂ ਵਿਗੜ ਚੁੱਕੀ ਹੈ। ਲੁੱਟਾਂ ਖੋਹਾਂ, ਕਤਲੋਗਾਰਤ ਜ਼ੋਰਾਂ ਤੇ ਹੈ। ਆਮ ਲੋਕਾਂ ਨੂੰ ਕੋਈ ਇਨਸਾਫ ਨਹੀਂ ਮਿਲ ਰਿਹਾ। ਸਰਕਾਰੀ ਧੱਕੇਸ਼ਾਹੀ ਜ਼ੋਰਾਂ 'ਤੇ ਹੈ। ਰਿਸ਼ਵਤ ਦਾ ਬੋਲਬਾਲਾ ਹੈ, ਅਧਿਕਾਰੀ ਅਤੇ ਕਰਮਚਾਰੀ ਸ਼ਰੇਆਮ ਰਿਸ਼ਵਤ ਦੀ ਮੰਗ ਕਰ ਰਹੇ, ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪ੍ਰਸਤ ਗੋਪਾਲ ਸਿੰਘ, ਚਾਨਣ ਸਿੰਘ, ਓਮ ਪ੍ਰਕਾਸ਼, ਕਸ਼ਮੀਰ ਸਿੰਘ, ਗੁਰਮੀਤ ਸਿੰਘ ਮਾਨ, ਹਰਭੇਜ ਸਿੰਘ, ਬਲਵਿੰਦਰ ਸਿੰਘ, ਨਿਰਮਲ ਸਿੰਘ ਬੁਰਜ, ਗੁਰਨਾਮ ਸਿੰਘ, ਬਲਬੀਰ ਸਿੰਘ, ਜਗਤਾਰ ਸਿੰਘ ਚੰਬਾ, ਭੁਪਿੰਦਰ ਸਿੰਘ ਗੰਡੀਵਿੰਡ, ਜੱਸਾ ਸਿੰਘ, ਹਰਬੰਸ ਸਿੰਘ, ਗੁਰਮੇਲ ਸਿੰਘ, ਗਿਆਨ ਸਿੰਘ ਮੋਹਣਪੁਰਾ, ਅਵਤਾਰ ਸਿੰਘ, ਹਰਜਿੰਦਰ ਸਿੰਘ, ਬਲਦੇਵ ਸਿੰਘ, ਸਤਨਾਮ ਸਿੰਘ, ਜਗਤਾਰ ਸਿੰਘ ਗੋਪਾਲਾ, ਗੁਰਵਿੰਦਰ ਸਿੰਘ, ਕੁਲਵਿੰਦਰ ਸਿੰਘ, ਬਿਕਰਮਜੀਤ ਸਿੰਘ, ਜਸਵਿੰਦਰ ਸਿੰਘ ਤੇ ਮਨਜੀਤ ਸਿੰਘ ਸਭਰਾ ਭੁਪਿੰਦਰ ਸਿੰਘ ਆਦਿ ਪੈਨਸ਼ਨਰ ਮੀਟਿੰਗ ਵਿੱਚ ਸ਼ਾਮਿਲ ਹੋਏ। ਮੀਤ ਅਤੇ ਜ਼ਿਲ੍ਹਾ ਪ੍ਰਧਾਨ ਨੇ ਪੈਨਸ਼ਨਰ ਅਤੇ ਮੁਲਾਜ਼ਮ ਫਰੰਟ ਦੇ ਸੱਦੇ ਤੇ ਧੂਰੀ ਮੁਜ਼ਾਹਰੇ ਵਿੱਚ ਸ਼ਾਮਿਲ ਸਾਥੀਆਂ ਦਾ ਧੰਨਵਾਦ ਕੀਤਾ।

ਕਿਸਾਨ ਆਗੂਆਂ ਦੇ ਘਰਾਂ 'ਤੇ ਛਾਪੇਮਾਰੀ ਦੀ ਨਿਖੇਧੀ

ਤਰਨ ਤਾਰਨ (ਪ੍ਰਿਤਪਾਲ ਸਿੰਘ)

ਸ਼ੰਭੂ ਖਨੌਰੀ ਬਾਰਡਰਾਂ ਤੋਂ ਭਗਵੰਤ ਮਾਨ ਸਰਕਾਰ ਵੱਲੋਂ ਜਬਰੀ ਉਠਾਏ ਗਏ ਕਿਸਾਨਾਂ ਦੇ ਧਰਨਿਆਂ ਦੇ ਨੁਕਸਾਨ ਦੀ ਭਰਭਾਈ ਲਈ ਅਤੇ ਬਿਜਲੀ ਸੋਧ ਐਕਟ-2025 ਅਤੇ ਖਪਤਕਾਰਾਂ ਦੇ ਘਰਾਂ ਵਿੱਚ ਸਮਾਰਟ ਮੀਟਰ ਲਗਾਉਣ ਦੇ ਖਿਲਾਫ ਕਿਸਾਨਾਂ ਵੱਲੋਂ ਦੋ ਘੰਟੇ ਸੰਕੇਤਕ ਰੇਲਾਂ ਜਾਮ ਕਰਨ ਦਾ ਸੱਦਾ ਦਿੱਤਾ ਗਿਆ ਸੀ ਜਿਸ ਦੇ ਚਲਦਿਆਂ ਮਾਨ ਸਰਕਾਰ ਵੱਲੋਂ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਦਿਆਂ ਤੜਕੇ 4 ਵਜੇ ਤੋਂ ਸੀਨੀਅਰ ਕਿਸਾਨ ਆਗੂਆਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਗਈ ਪਰ ਕਿਸਾਨ ਆਗੂ ਆਪਣੇ ਘਰਾਂ ਤੋਂ ਰਾਤ ਵੇਲੇ ਹੀ ਪਾਸੇ ਹੋ ਗਏ ਸਨ। ਕਿਸਾਨ ਆਗੂ ਸੁਵਿੰਦਰ ਸਿੰਘ ਚੁਤਾਲਾ, ਜਸਬੀਰ ਸਿੰਘ ਪਿੱਦੀ ਅਤੇ ਹਰਜਿੰਦਰ ਸਿੰਘ ਸ਼ੱਕਰੀ, ਫਤਿਹ ਸਿੰਘ ਪਿੱਦੀ ਆਦਿ ਆਗੂਆਂ ਦੇ ਘਰਾਂ 'ਤੇ ਪੁਲਸ ਵੱਲੋਂ ਛਾਪੇਮਾਰੀ ਕਰਕੇ ਪਰਿਵਾਰਾਂ ਵਿੱਚ ਦਹਿਸ਼ਤ ਦਾ ਮਾਹੌਲ ਬਣਾਇਆ ਗਿਆ।ਸਰਕਾਰ ਦੀ ਇਸ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਜਥੇਬੰਦੀ ਦੇ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ, ਜਸਬੀਰ ਸਿੰਘ ਪਿੱਦੀ ਆਦਿ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਨਿਆਇਕ ਢਾਂਚਾ ਬੁਰੀ ਤਰ੍ਹਾਂ ਫੇਲ ਹੋ ਚੁੱਕਾ ਹੈ ਅਤੇ ਭਗਵੰਤ ਮਾਨ ਸਰਕਾਰ ਡੰਡੇ ਦੇ ਜ਼ੋਰ ਨਾਲ ਰਾਜਤੰਤਰ ਚਲਾ ਰਹੀ ਹੈ। ਆਗੂਆਂ ਨੇ ਕਿਹਾ ਕਿ ਇੱਕ ਤੋਂ ਤਿੰਨ ਵਜੇ ਤੱਕ ਦੋ ਘੰਟੇ ਦਾ ਸੰਕੇਤਕ ਰੇਲ ਦਾ ਚੱਕਾ ਜਾਮ ਪੰਜਾਬ ਭਰ ਵਿੱਚ ਕੀਤਾ ਜਾਵੇਗਾ ਅਤੇ ਸੱਤ ਅੱਠ ਦਸੰਬਰ ਨੂੰ ਲੋਕਾਂ ਦੇ ਘਰਾਂ ਵਿੱਚੋਂ ਸਮਾਰਟ ਮੀਟਰ ਪੁੱਟ ਕੇ 10 ਦਸੰਬਰ ਨੂੰ ਐੱਸਡੀਓ ਦਫਤਰਾਂ ਅੱਗੇ ਸੁੱਟੇ ਜਾਣਗੇ।17 ਅਤੇ 18 ਨੂੰ ਇਨ੍ਹਾਂ ਮੰਗਾਂ ਨੂੰ ਅੱਗੇ ਤੋਰਦਿਆਂ ਪੰਜਾਬ ਦੇ ਡੀਸੀ ਦਫਤਰਾਂ ਅੱਗੇ ਧਰਨੇ ਦਿੱਤੇ ਜਾਣਗੇ। ਜੇਕਰ ਸਰਕਾਰ ਦੀ ਨੀਂਦ ਫਿਰ ਵੀ ਨਹੀਂ ਖੁੱਲ੍ਹਦੀ ਤਾਂ 19 ਦਸੰਬਰ ਤੋਂ ਰੇਲ ਦਾ ਚੱਕਾ ਅਣਮਿਥੇ ਸਮੇਂ ਲਈ ਜਾਮ ਕੀਤਾ ਜਾਵੇਗਾ।

ਛੇਹਰਟਾ-ਕਟੜਾ ਬਾਗੀਆਂ ਵਿਚ ਮੰਗਲ ਬੇਕਰੀ ਵੱਲੋਂ ਲੰਗਰ ਲਗਾਇਆ ਗਿਆ। ਇਸ ਮੌਕੇ ਲੰਗਰ ਵਰਤਾਉਂਦੇ ਹੋਏ ਬਾਲ ਕ੍ਰਿਸ਼ਨ ਮਹਿਰਾ, ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਪੰਜਾਬ ਪ੍ਰਧਾਨ ਅਨੁਜ ਖੇਮਕਾ, ਅਸ਼ਵਨੀ ਜੋਸ਼ੀ, ਬਾਲ ਕ੍ਰਿਸ਼ਨ ਮਹਿਰਾ ਤੇ ਹੋਰ।

(ਫੋਟੋ ਤੇ ਵੇਰਵਾ : ਮਨੋਜ ਕੁਮਾਰ, ਛੇਹਰਟਾ)

ਛੇਹਰਟਾ-ਰਾਕੇਸ਼ ਦੀ ਦੁਕਾਨ ਆਰ ਟ੍ਰੇਡਿੰਗ ਕੰਪਨੀ, ਬੇਰੀ ਗੇਟ, ਕਟੜਾ ਭਾਈ ਸੰਤ ਸਿੰਘ ਵਿਚ ਖੋਲੀ ਗਈ। ਇਸ ਮੌਕੇ ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਪੰਜਾਬ ਪ੍ਰਧਾਨ ਅਨੁਜ ਖੇਮਕਾ ਨੇ ਕਿਹਾ ਕਿ ਰਾਕੇਸ਼ ਦੀ ਦੁਕਾਨ 'ਤੇ ਹਰ ਤਰ੍ਹਾਂ ਦੇ ਲੇਡੀਜ਼ ਸੂਟ, ਬੈੱਡਸ਼ੀਟ ਅਤੇ ਹਰ ਤਰ੍ਹਾਂ ਦੀਆਂ ਚੀਜ਼ਾਂ ਉਪਲਬਧ ਹੋਣਗੀਆਂ। ਇਸ ਮੌਕੇ 'ਤੇ ਸ਼ਿਆਮ ਚੌਧਰੀ, ਮਨਮੋਹਨ ਚੌਧਰੀ, ਡਾ. ਸਿਚਨ ਅਰੋੜਾ ਆਦਿ ਮੌਜੂਦ ਸਨ।

(ਫੋਟੋ ਤੇ ਵੇਰਵਾ: ਮਨੋਜ ਕੁਮਾਰ, ਛੇਹਰਟਾ)

ਸੀ ਪੀ ਆਈ ਵੱਲੋਂ ਸੰਮਤੀ ਮੈਂਬਰਾਂ ਨੇ ਕਾਗ਼ਜ਼ ਦਾਖ਼ਲ ਕਰਵਾਏ

ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)

ਖਡੂਰ ਸਾਹਿਬ ਭਾਰਤੀ ਕਮਿਊਨਿਸਟ ਪਾਰਟੀ ਬਲਾਕ ਖਡੂਰ ਸਾਹਿਬ ਵੱਲੋਂ ਦੋ ਪੰਚਾਇਤ ਸੰਮਤੀ ਸੀਟਾਂ 'ਤੇ ਪੰਚਾਇਤ ਸੰਮਤੀ ਧੂੰਦਾ ਜ਼ੋਨ ਤੋਂ ਰਾਜਵਿੰਦਰ ਕੌਰ ਧੂੰਦਾ, ਪੰਚਾਇਤ ਸੰਮਤੀ ਵੇਈਂਪੂੰਈ ਜ਼ੋਨ ਤੋਂ ਗੁਰਮੀਤ ਕੌਰ ਵੇਈਂਪੂੰਈ ਦੇ ਕਾਗਜ਼ ਦਾਖਲ ਕਰਵਾਏ ਗਏ।

ਕਾਗਜ਼ ਦਾਖਲ ਕਰਾਉਣ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਕਾਮਰੇਡ ਗੁਰਦਿਆਲ ਖਡੂਰ ਸਾਹਿਬ, ਬਲਾਕ ਸਕੱਤਰ ਕਾਮਰੇਡ ਬਲਜੀਤ ਸਿੰਘ ਫਤਿਆਬਾਦ, ਮੀਤ ਸਕੱਤਰ ਕਾਮਰੇਡ ਜਗਤਾਰ ਸਿੰਘ ਖਡੂਰ ਸਾਹਿਬ, ਖਜ਼ਾਨਚੀ ਕਾਮਰੇਡ ਬਲਦੇਵ ਸਿੰਘ ਧੂੰਦਾ, ਕਾਮਰੇਡ ਜਸਵੰਤ ਸਿੰਘ ਖਡੂਰ ਸਾਹਿਬ, ਦਲਬੀਰ ਸਿੰਘ ਸੈਕਟਰੀ ਫਤਿਆਬਾਦ, ਜਗੀਰ ਸਿੰਘ ਭਰੋਵਾਲ, ਘੁਕ ਸਿੰਘ ਵੇਈਂਪੂੰਈ, ਭਗਵੰਤ ਸਿੰਘ ਵੇਈਂਪੂੰਈ, ਲਖਵਿੰਦਰ ਸਿੰਘ ਵੇਈਂਪੂੰਈ, ਦਿਲਬਾਗ ਸਿੰਘ ਵੇਈਂਪੂੰਈ ਆਦਿ ਮੌਜੂਦ ਸਨ। ਉਪਰੋਕਤ ਆਗੂਆਂ ਨੇ ਵੋਟਰਾਂ ਨੂੰ ਅਪੀਲ ਕੀਤੀ ਕੇ ਪਿੰਡਾਂ ਦੇ ਵਿਕਾਸ ਨੂੰ ਪਾਰਦਰਸ਼ੀ ਢੰਗ ਨਾਲ ਚਲਾਉਣ ਲਈ ਕਮਿਊਨਿਸਟ ਉਮੀਦਵਾਰਾਂ ਨੂੰ ਜਿਤਾਓਣਾ ਸਮੇਂ ਦੀ ਮੁੱਖ ਲੋੜ ਹੈ।

ਸਹਿਜ ਪਾਠ ਕਰਨ ਵਾਲੇ ਸਕੂਲੀ ਬੱਚਿਆਂ ਨੂੰ ਕੀਤਾ ਸਨਮਾਨਿਤ

ਮਜੀਠਾ (ਸੋਇਮ ਆਨੰਦ)

ਮਜੀਠਾ ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾਂ ਰੇਵੰਨ ਇੰਟਰਨੈਸ਼ਨਲ ਸੀਨੀਅਰ ਸਕੈਂਡਰੀ ਸਕੂਲ ਹਰੀਆਂ ਰੋਡ ਮਜੀਠਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਬੱਚਿਆਂ ਵੱਲੋਂ ਸ੍ਰੀ ਸਹਿਬ ਪਾਠ ਸਾਹਿਬ ਜੀ ਰੱਖੇ ਜਿਨ੍ਹਾਂ ਦੇ ਭੋਗ ਪੈਣ ਉਪਰੰਤ ਸਕੂਲ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸਹਿਜ ਪਾਠ ਸੇਵਾ ਸੁਸਾਇਟੀ ਦੇ ਸੇਵਾਦਾਰ ਭਾਈ ਰਾਜਪਾਲ ਸਿੰਘ ਵਿਸ਼ੇਸ਼ ਤੌਰ 'ਤੇ ਪੁਜੇ ਜਿਨ੍ਹਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਅਤੇ ਨੌਵੇਂ ਪਾਤਸ਼ਾਹ ਸ੍ਰੀ ਤੇਗ ਬਹਾਦਰ ਦੇ ਇਤਿਹਾਸ ਤੋਂ ਬੱਚਿਆਂ ਨੂੰ ਜਾਣੂ ਕਰਾਇਆ। ਉਪਰੰਤ ਡਾਇਰੈਕਟਰ ਅਮਰਪ੍ਰੀਤ ਸਿੰਘ ਨੇ ਬੱਚਿਆਂ ਨੂੰ ਗੁਰੂ ਸਹਿਬਾਨ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਹਿਜ ਪਾਠ ਸੇਵਾ ਸੁਸਾਇਟੀ ਵੱਲੋਂ ਸਹਿਜ ਪਾਠ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਸਕੂਲ ਪ੍ਰਿੰਸੀਪਲ ਵਰਿੰਦਰ ਕੁਮਾਰ, ਡਾਇਰੈਕਟਰ ਅਮਰਪ੍ਰੀਤ ਸਿੰਘ ਗਿੱਲ, ਸੇਵਾਦਾਰ ਭਾਈ ਰਾਜਪਾਲ ਸਿੰਘ, ਮੈਡਮ ਗੁਰਪ੍ਰੀਤ ਕੌਰ, ਲਖਵਿੰਦਰ ਸਿੰਘ,ਮਾ ਹਰਚਰਨ ਸਿੰਘ, ਰਮਨਦੀਪ ਕੌਰ, ਮਨਦੀਪ ਕੌਰ, ਰਾਜਵਿੰਦਰ ਕੌਰ, ਰਿੰਚਾ ਕਹੇੜ, ਪ੍ਰਭਜੀਤ ਕੋਰ, ਮਨਜੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਕੂਲ ਸਟਾਫ ਤੇ ਬੱਚੇ ਹਾਜ਼ਰ ਸਨ।

ਨਾਮਜ਼ਦਗੀਆਂ 'ਚ ਧੱਕੇਸ਼ਾਹੀ ਦੇ ਰਿਕਾਰਡ ਟੁੱਟੇ : ਕਾਮਰੇਡ ਦੁਧਾਲਾ

ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ)

ਪੰਜਾਬ ਦੀ ਆਪ ਸਰਕਾਰ ਵੱਲੋਂ ਲੋਕਾਂ ਨੂੰ ਅਮਨ ਅਤੇ ਕਾਨੂੰਨ ਦਾ ਰਾਜ ਕਾਇਮ ਕਰਨ ਦੇ ਲਾਰੇ ਲਾ ਕੇ ਸੱਤਾ ਹਾਸਲ ਕਰਨ ਤੋਂ ਬਾਅਦ ਆਏ ਦਿਨ ਧੱਕੇਸ਼ਾਹੀ, ਲੁੱਟਮਾਰ, ਡਕੈਤੀ, ਕਤਲ ਵਰਗੇ ਸੰਗੀਨ ਅਪਰਾਧਾਂ ਵਿੱਚ ਲਗਾਤਾਰ ਵਾਧਾ ਹੋਇਆ ਹੈ ਅਤੇ ਪੰਜਾਬ ਹੁਣ ਯੂ.ਪੀ., ਬਿਹਾਰ ਤੋਂ ਜ਼ਿਆਦਾ ਕਰਾਈਮ ਵਾਲਾ ਰਾਜ ਬਣ ਚੁੱਕਾ ਹੈ। ਪਰ ਸਰਕਾਰ ਦੇ ਮੰਤਰੀਆਂ ਅਤੇ ਪ੍ਰਸ਼ਾਸਨ ਦਾ ਸਾਰਾ ਧਿਆਨ ਡਰਾਮੇਬਾਜ਼ੀ ਅਤੇ ਇਸ਼ਤਿਹਾਰਬਾਜ਼ੀ ਤੱਕ ਸੀਮਿਤ ਹੈ। ਹੁਣ ਆਪ ਸਰਕਾਰ ਦੇ ਨੇਤਾਵਾਂ ਅਤੇ ਪੁਲਸ ਪ੍ਰਸ਼ਾਸਨ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਲਈ ਨਾਮਜ਼ਦਗੀਆਂ ਮੌਕੇ ਧੱਕੇਸ਼ਾਹੀ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਚੋਣਾਂ ਨੂੰ

ਲੜਾਈ ਝਗੜਿਆਂ ਦਾ ਮੈਦਾਨ ਬਣਾ ਦਿੱਤਾ ਹੈ ਜਿਸ ਕਾਰਨ ਪਿੰਡਾਂ ਦੀ ਆਪਸੀ ਭਾਈਚਾਰਕ ਸਾਂਝ ਖੇਰੂੰ-ਖੇਰੂੰ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕਈ ਦਹਾਕਿਆਂ ਵਿੱਚ ਅਜਿਹੀ ਗੁੰਡਾਗਰਦੀ ਕਦੇ ਵੇਖਣ ਨੂੰ ਨਹੀਂ ਮਿਲੀ ਪਰ ਹੁਣ ਆਪ ਆਗੂਆਂ ਨੇ ਪ੍ਰਸ਼ਾਸਨ ਨਾਲ ਮਿਲ ਕੇ ਲੋਕਾਂ ਦੇ ਕਾਗਜ਼ ਖੋਹ ਲਏ, ਪੱਗਾਂ ਲਾਹ ਦਿੱਤੀਆਂ ਅਤੇ ਕੁੱਟਮਾਰ ਕਰਕੇ ਲੋਕਤੰਤਰਿਕ ਪ੍ਰਕਿਰਿਆ ਵਿੱਚ ਹਿੱਸਾ ਲੈਣ ਤੋਂ ਜਬਰ ਨਾਲ ਰੋਕ ਦਿੱਤਾ। ਉਨ੍ਹਾਂ ਕਿਹਾ ਕਿ ਇਤਿਹਾਸ ਇਨ੍ਹਾਂ ਧੱਕੇਸ਼ਾਹੀਆਂ ਨੂੰ ਯਾਦ ਰੱਖੇਗਾ ਅਤੇ ਇਹ ਦੌਰ ਇਤਿਹਾਸ ਵਿੱਚ ਕਾਲੇ ਦੌਰ ਵਜੋਂ ਯਾਦ ਰਹੇਗਾ।

ਤਿੰਨ ਵੱਖ-ਵੱਖ ਮਾਮਲਿਆਂ 'ਚ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਸਿਟੀ ਗੁਰਦਾਸਪੁਰ ਦੇ ਏਐੱਸਆਈ ਕੁਲਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਭੈੜੇ ਪੁਰਸ਼ਾ ਦੇ ਸਬੰਧ ਵਿਚ ਪੁਰਾਣਾ ਬੱਸ ਸਟੈਂਡ ਗੁਰਦਾਸਪੁਰ ਤੋਂ ਗੋਲਡੀ ਪੁੱਤਰ ਨਿੱਕਾ ਵਾਸੀ ਮੁਹੱਲਾ ਗੀਤਾ ਭਵਨ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਕਤ ਵਿਅਕਤੀ ਪਾਸੋਂ 12 ਗ੍ਰਾਮ 800 ਮਿਲੀਗ੍ਰਾਮ ਹੈਰੋਇਨ ਅਤੇ 1000 ਰੁਪਏ ਡਰੱਗ ਮਨੀ ਬਰਾਮਦ ਹੋਈ ਹੈ। ਥਾਣਾ ਬਹਿਰਾਮਪੁਰ ਦੇ ਏਐੱਸਆਈ ਪ੍ਰੀਤਮ ਦਾਸ ਨੇ ਸਮੇਤ ਪੁਲਸ ਪਾਰਟੀ ਮੋੜ ਟੇਕਨੀਕਲ ਕਾਲਜ ਬਾਂਠੋਵਾਲ ਤੋਂ ਦਵਿੰਦਰ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਸਿੱਧ ਥਾਣਾ ਸਦਰ ਬਟਾਲਾ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਥਾਣਾ ਭੈਣੀ ਮੀਆਂ ਖਾਂ ਦੇ ਏਐੱਸਆਈ ਪਲਵਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਗਸ਼ਤ ਪਿੰਡ ਚੋਚਨਾ ਨੇੜੇ ਸਮਸ਼ਾਨਘਾਟ ਤੋਂ ਮਨਜੀ

6-Dec-PAGE-4.qxd 12/5/2025 11:07 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 6 ਦਸੰਬਰ 2025

'ਮੌਨ ਮੋਦੀ'

2025 ਰੁਪਏ ਦੀ ਪੰਜ ਫੀਸਦੀ ਤੱਕ ਦੀ ਇਤਿਹਾਸਕ ਕਦਰ-ਘਟਾਈ ਦਾ ਸਾਲ ਸਾਬਤ ਹੋਇਆ ਹੈ। ਜਨਵਰੀ ਵਿੱਚ ਇੱਕ ਡਾਲਰ ਦੇ ਮੁਕਾਬਲੇ ਰੁਪਏ ਦੀ ਕਦਰ 84-85 ਸੀ ਤੇ ਨਵੰਬਰ ਵਿੱਚ 90.28 ਤੱਕ ਡਿਗ ਗਿਆ। ਇਸ ਗਿਰਾਵਟ ਨੇ ਰੁਪਏ ਨੂੰ ਏਸ਼ੀਆ ਦੀ ਸਭ ਤੋਂ ਕਮਜ਼ੋਰ ਕਰੰਸੀ ਬਣਾ ਦਿੱਤਾ ਹੈ। ਯਾਦ ਹੋਣਾ, ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਵਰਤਮਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡਾਲਰ 60 ਰੁਪਈਏ ਦਾ ਹੋਣ 'ਤੇ ਜੂਨ 2013 ਨੂੰ ਟਵੀਟ ਕੀਤਾ ਸੀ : ਕਾਂਗਰਸ ਤੇ ਰੁਪਏ ਵਿਚਾਲੇ ਮੁਕਾਬਲਾ ਚੱਲ ਰਿਹਾ ਹੈ ਕਿ ਕੌਣ ਜ਼ਿਆਦਾ ਡਿੱਗੇਗਾ। ਇਸ ਤੋਂ ਬਾਅਦ 15 ਅਗਸਤ ਨੂੰ ਅਹਿਮਦਾਬਾਦ ਵਿੱਚ ਸੁਤੰਤਰਤਾ ਦਿਵਸ 'ਤੇ ਭਾਸ਼ਣ ਕਰਦਿਆਂ ਕਿਹਾ ਸੀ : ਅੱਜ ਸਾਡੀ ਕਰੰਸੀ ਮੌਤ ਦੇ ਮੰਜੇ 'ਤੇ ਪਈ ਹੈ। ਇਹ ਟਰਮੀਨਲ ਸਟੇਜ ਹੈ ਤੇ ਤੁਰੰਤ ਡਾਕਟਰ ਦੀ ਲੋੜ ਹੈ। ਵਰਤਮਾਨ ਵਿੱਚ ਦੋਨੋਂ ਰੁਪੱਈਆ ਤੇ ਯੂ ਪੀ ਏ ਸਰਕਾਰ-ਆਪਣੀ ਕਦਰ ਗੁਆ ਚੁੱਕੇ ਹਨ। ਦੇਸ਼ ਨੂੰ ਤਬਾਹੀ ਤੋਂ ਰੋਕਣ ਦਾ ਵੇਲਾ ਆ ਗਿਆ ਹੈ। ਇਸ ਤੋਂ ਬਾਅਦ 24 ਅਗਸਤ ਨੂੰ ਇੱਕ ਜਨਤਕ ਬਿਆਨ ਵਿੱਚ ਕਿਹਾ ਸੀ : ਮੌਨ ਮੋਹਨ ਸਿੰਘ ਤੇ ਰੁਪੱਈਆ ਦੋਨੋਂ ਚੁੱਪ ਹੋ ਗਏ ਹਨ। ਸੰਕਟ ਆਉਂਦੇ ਹਨ ਪਰ ਜੇ ਸੰਕਟ ਦੌਰਾਨ ਲੀਡਰਸ਼ਿਪ ਦਿਸ਼ਾਹੀਣ ਤੇ ਨਿਰਾਸ਼ ਹੋ ਜਾਵੇ ਤਾਂ ਸੰਕਟ ਬਹੁਤ ਗੰਭੀਰ ਹੋ ਜਾਂਦਾ ਹੈ। ਦਿੱਲੀ ਦੇ ਹੁਕਮਰਾਨਾਂ ਨੂੰ ਦੇਸ਼ ਦੀ ਰਾਖੀ ਜਾਂ ਰੁਪਏ ਦੀ ਡਿਗਦੀ ਕਦਰ ਦੀ ਚਿੰਤਾ ਨਹੀਂ, ਸਿਰਫ ਆਪਣੀ ਕੁਰਸੀ ਬਚਾਉਣ ਦਾ ਫਿਕਰ ਹੈ।

2014 ਦੀ ਪਹਿਲੀ ਤਿਮਾਹੀ ਵਿੱਚ ਡਾਲਰ ਔਸਤਨ 60 ਰੁਪਏ ਦੇ ਆਸਪਾਸ ਸੀ। ਪ੍ਰਧਾਨ ਮੰਤਰੀ ਮਨਮੋਹਨ ਸਿੰਘ 'ਤੇ ਨਿੱਜੀ ਹਮਲੇ ਹੋ ਰਹੇ ਸਨ ਤੇ ਉਨ੍ਹਾ ਦੇ ਆਰਥਿਕ ਗਿਆਨ ਦਾ ਮਖੌਲ ਉਡਾਇਆ ਜਾ ਰਿਹਾ ਸੀ। ਮਨਮੋਹਨ ਸਰਕਾਰ ਖਿਲਾਫ ਭਾਜਪਾ ਨੂੰ ਕਾਰਪੋਰੇਟ ਜਗਤ ਦੀ ਹਮਾਇਤ ਮਿਲ ਗਈ ਸੀ, ਜਿਹੜਾ ਯੂ ਪੀ ਏ ਦੇ ਭੋਜਨ ਦਾ ਅਧਿਕਾਰ, ਸਿੱਖਿਆ ਦਾ ਅਧਿਕਾਰ ਤੇ ਨਰੇਗਾ ਨੀਤੀਆਂ ਤੋਂ ਬੁਰੀ ਤਰ੍ਹਾਂ ਉਖੜਿਆ ਹੋਇਆ ਸੀ। ਹੋਰ ਤਾਂ ਹੋਰ ਫਿਲਮ ਅਭਿਨੇਤਰੀ ਜੂਹੀ ਚਾਵਲਾ ਨੇ ਟਵੀਟ ਕਰਕੇ ਰੱਬ ਦਾ ਇਹ ਕਹਿ ਕੇ ਸ਼ੁਕਰੀਆ ਕੀਤਾ ਸੀ ਕਿ ਉਸ ਦੇ ਅੰਡਰਵੀਅਰ ਦਾ ਨਾਂਅ ਰੁਪੱਈਆ ਨਹੀਂ, ਡਾਲਰ ਹੈ, ਵਰਨਾ ਰੋਜ਼ ਡਿਗਦਾ। ਅਮਿਤਾਭ ਬੱਚਨ ਨੇ ਕਿਹਾ ਸੀ ਕਿ ਲੋਕ ਪੈਟਰੋਲ ਟੰਕੀ ਵਿੱਚ ਪਾਉਣ ਲਈ ਨਹੀਂ, ਗੱਡੀ ਫੂਕਣ ਲਈ ਖਰੀਦ ਰਹੇ ਹਨ। ਹੁਣ ਸਭ ਚੁੱਪ ਹਨ, ਜਦਕਿ ਡਾਲਰ 90 ਰੁਪਏ ਟੱਪ ਗਿਆ ਹੈ ਤੇ ਪੈਟਰੋਲ ਵੀ ਸੌ ਦੇ ਆਸਪਾਸ ਵਿਕ ਰਿਹਾ ਹੈ। ਉਦੋਂ ਅਜਿਹਾ ਮਾਹੌਲ ਬਣਾਇਆ ਗਿਆ ਸੀ ਕਿ ਡਾ. ਮਨਮੋਹਨ ਸਿੰਘ ਨੂੰ ਹਟਾ ਕੇ ਡਾਕਟਰ ਮੋਦੀ ਨੂੰ ਲਿਆਂਦਾ ਜਾਵੇ ਤਾਂ ਹੀ ਮਰੀਜ਼ ਬਚੇਗਾ। ਨਤੀਜਾ ਇਹ ਨਿਕਲਿਆ ਕਿ ਮੋਦੀ ਜੀ ਪ੍ਰਧਾਨ ਮੰਤਰੀ ਬਣ ਗਏ ਤੇ ਉਨ੍ਹਾ ਅਰਥਵਿਵਸਥਾ ਦਾ ਅਪ੍ਰੇਸ਼ਨ ਵੀ ਕਰ ਦਿੱਤਾ।

ਕੀ ਹੁਣ ਡਾਲਰ ਦੇ ਮੁਕਾਬਲੇ ਰੁਪੱਈਏ ਦੀ ਕਦਰ-ਘਟਾਈ ਨੂੰ ਮੋਦੀ ਦਾ ਵੱਕਾਰ ਡਿਗਣਾ ਮੰਨਿਆ ਜਾਵੇ? ਕੀ ਇਸ 'ਤੇ ਉਨ੍ਹਾ ਦੀ ਚੁੱਪੀ ਨੂੰ ਦੇਖਦਿਆਂ ਉਨ੍ਹਾ ਨੂੰ 'ਮੌਨ ਮੋਦੀ' ਕਹਿਣਾ ਗਲਤ ਹੋਵੇਗਾ? ਇੱਥੇ ਇਹ ਵੀ ਸੁਆਲ ਉੱਠਦਾ ਹੈ ਕਿ ਜਦ ਮੋਦੀ ਭਾਰਤੀ ਅਰਥਵਿਵਸਥਾ ਨੂੰ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਦੱਸ ਰਹੇ ਹਨ ਤਾਂ ਰੁਪੱਈਆ ਕਿਉਂ ਕਮਜ਼ੋਰ ਹੋ ਰਿਹਾ ਹੈ। ਕਿਤੇ ਇਹ ਤਾਂ ਨਹੀਂ ਕਿ ਵਿਗਿਆਪਨਾਂ ਵਿੱਚ ਨਜ਼ਰ ਆਉਣ ਵਾਲੇ ਸੂਟ-ਬੂਟ ਦੇ ਅੰਦਰ ਫਟੀ ਬੁਨੈਣ ਹੈ।

ਹੈਰਾਨੀ ਦੀ ਗੱਲ ਹੈ ਕਿ 10 ਸਾਲ ਪਹਿਲਾਂ ਜਿਹੜਾ ਮੀਡੀਆ ਰੁਪੱਈਏ ਦੀ ਕਦਰ-ਘਟਾਈ 'ਤੇ ਰੌਲਾ ਪਾਉਂਦਾ ਸੀ, ਉਹ ਹੁਣ ਇਸ ਨੂੰ ਸ਼ੁੱਭ ਸ਼ਗਨ ਦੱਸ ਰਿਹਾ ਹੈ। ਨੀਤੀ ਆਯੋਗ ਦੇ ਸਾਬਕਾ ਵਾਈਸ ਚੇਅਰਮੈਨ ਰਾਜੀਵ ਕੁਮਾਰ ਨੇ ਮੋਦੀ ਸਰਕਾਰ ਦੀ ਪਿੱਠ 'ਤੇ ਆਉਂਦਿਆਂ ਕਿਹਾ ਹੈ ਕਿ ਇਸ ਨਾਲ ਬਰਾਮਦਾਂ ਵਧ ਰਹੀਆਂ ਹਨ, ਕਿਉਂਕਿ ਬਾਹਰਲੇ ਮੁਲਕਾਂ ਨੂੰ ਭਾਰਤੀ ਮਾਲ ਮੁਕਾਬਲਤਨ ਸਸਤਾ ਮਿਲ ਰਿਹਾ। ਇਸ ਨਾਲ ਭਾਰਤ ਵਿੱਚ ਵਿਦੇਸ਼ੀ ਮੁਦਰਾ ਵੱਧ ਆ ਰਹੀ ਹੈ, ਜਿਸ ਨਾਲ ਰੁਜ਼ਗਾਰ ਦੇ ਮੌਕੇ ਬਣ ਰਹੇ ਹਨ। ਯਾਨੀ ਪੂਰੀ ਕਸੌਟੀ ਹੀ ਬਦਲ ਗਈ ਹੈ। 2013 ਵਿੱਚ ਮੋਦੀ ਜੀ ਨੇ ਜਿਸ ਨੂੰ ਦੇਸ਼ ਲਈ ਮੰਦਭਾਗਾ ਦੱਸਿਆ ਸੀ, ਉਹੀ ਕਦਰ-ਘਟਾਈ ਰਾਜੀਵ ਕੁਮਾਰ ਦੀ ਨਜ਼ਰ ਵਿੱਚ ਅਰਥਵਿਵਸਥਾ ਲਈ ਬਿਹਤਰ ਹੈ।

ਕੀ ਸੱਚਮੁੱਚ ਸੁਰੱਖਿਅਤ ਨਹੀਂ ਸੰਚਾਰ ਸਾਥੀ ਐਪ ?

ਗੁਰਪ੍ਰੀਤ

ਪਿਛਲੇ ਕੁਝ ਦਿਨਾਂ ਤੋਂ ਦੇਸ਼ ਭਰ ਦੇ ਅੰਦਰ ਸੰਚਾਰ ਸਾਥੀ ਮੋਬਾਇਲ ਐਪ ਦਾ ਬਹੁਤ ਜ਼ਿਆਦਾ ਰੌਲਾ ਪਿਆ ਹੋਇਆ ਹੈ। ਕੇਂਦਰ ਸਰਕਾਰ ਨੇ ਇਹ ਐਪ ਇਸੇ ਕਰਕੇ ਲਿਆਂਦੀ ਤਾਂ ਜੋ ਲੋਕਾਂ ਦੀ ਸੁਰੱਖਿਆ ਹੋ ਸਕੇ ਅਤੇ ਉਨ੍ਹਾਂ ਦੇ ਮੋਬਾਇਲ ਵਿੱਚ ਇਸ ਐਪ ਨੂੰ ਇੰਸਟਾਲ ਕਰਕੇ ਲੋਕਾਂ ਨੂੰ ਧੋਖਾਧੜੀ ਤੋਂ ਬਚਾਇਆ ਜਾ ਸਕੇ।

ਬੇਸ਼ੱਕ ਸਰਕਾਰੀ ਦਾਅਵੇ ਦੇ ਮੁਤਾਬਿਕ ਇਹ ਐਪ ਕਾਫ਼ੀ ਜ਼ਿਆਦਾ ਸੁਰੱਖਿਆ ਪ੍ਰਦਾਨ ਕਰਦੀ ਹੈ ਅਤੇ ਇਸ ਐਪ ਦੇ ਇੰਸਟਾਲ ਹੋਣ ਦੇ ਨਾਲ ਲੋਕ ਸਾਈਬਰ ਠੱਗੀ ਤੋਂ ਬਚ ਸਕਣਗੇ, ਪਰ ਸਵਾਲ ਇਹ ਹੈ ਕਿ ਸਰਕਾਰ ਨਵੇਂ ਸਿਰ ਤੋਂ ਇਹ ਐਪ ਇੰਸਟਾਲ ਕਰਵਾਉਣ ਲਈ ਆਖ਼ਰ ਕਹਿ ਕਿਉਂ ਰਹੀ ਹੈ? ਕਿਉਂ ਨਹੀਂ ਅਜਿਹਾ ਕੋਈ ਸਖ਼ਤ ਕਾਨੂੰਨ ਬਣਾ ਦਿੱਤਾ ਜਾਂਦਾ, ਜਿਸ ਦੇ ਨਾਲ ਠੱਗੀ ਮਾਰਨ ਵਾਲੇ ਫੜੇ ਵੀ ਜਾਣ ਅਤੇ ਉਹ ਠੱਗੀ ਮਾਰ ਵੀ ਨਾ ਸਕਣ। ਜ਼ਿਆਦਾਤਰ ਠੱਗੀਆਂ ਮੋਬਾਇਲ ਫੋਨਾਂ ਦੇ ਜ਼ਰੀਏ ਹੀ ਵੱਜਦੀਆਂ ਨੇ। ਸਾਈਬਰ ਠੱਗਾਂ ਦੁਆਰਾ ਨਵੇਂ-ਨਵੇਂ ਤਰੀਕਿਆਂ ਦੇ ਨਾਲ ਲੋਕਾਂ ਦੇ ਨਾਲ ਧੋਖਾਧੜੀ ਕੀਤੀ ਜਾ ਰਹੀ ਹੈ। ਡਿਜੀਟਲ ਅਰੈੱਸਟ ਤੋਂ ਲੈ ਕੇ ਈ-ਮੇਲ ਧੋਖਾਧੜੀ ਤੱਕ ਪਹਿਲਾਂ ਅਸੀਂ ਸੁਣਿਆ ਕਰਦੇ ਸੀ, ਪਰ ਇਸ ਵੇਲੇ ਮੋਬਾਇਲ 'ਤੇ ਓ ਟੀ ਪੀ ਆਉਣ ਤੋਂ ਬਗੈਰ ਹੀ ਲੋਕਾਂ ਦੇ ਬੈਂਕ ਖਾਤੇ ਖ਼ਾਲੀ ਹੋ ਰਹੇ ਨੇ। ਪਤਾ ਨਹੀਂ, ਤਾਂ ਹੀ ਸਰਕਾਰ ਨੇ ਇਹ ਸੋਚ ਕੇ ਸੰਚਾਰ ਸਾਥੀ ਐਪ ਇੰਸਟਾਲ ਕਰਨ ਲਈ ਲੋਕਾਂ ਨੂੰ ਆਖਿਆ, ਪਰ ਇਸ ਐਪ ਦੇ ਇੰਸਟਾਲ ਹੋਣ ਤੋਂ ਪਹਿਲਾਂ ਹੀ ਰੌਲਾ ਏਨਾ ਜ਼ਿਆਦਾ ਪੈ ਗਿਆ ਕਿ ਸਰਕਾਰ ਨੂੰ ਆਪਣਾ ਫ਼ੈਸਲਾ ਵਾਪਸ ਲੈਣਾ ਪਿਆ।

ਵੈਸੇ, ਜਿੰਨਾ ਰੌਲਾ ਵਿਰੋਧੀ ਧਿਰ ਨੇ ਇਸ ਵਾਰ ਸੈਸ਼ਨ ਵਿੱਚ 'ਸੰਚਾਰ ਸਾਥੀ' ਐਪ ਨੂੰ ਲੈ ਕੇ ਪਾਇਆ ਹੈ, ਇਸ ਤੋਂ ਪਹਿਲਾਂ ਏਨਾ ਰੌਲਾ ਕਦੇ ਵੀ ਕਿਸੇ ਐਪ ਨੂੰ ਲੈ ਕੇ ਨਹੀਂ ਪਿਆ ਹੋਣਾ। ਖ਼ੈਰ, ਵਿਰੋਧੀ ਧਿਰਾਂ ਵੀ ਸੱਚੀਆਂ ਨੇ, ਅੱਜ ਹਰ ਕਿਸੇ ਦੇ ਹੱਥ ਵਿੱਚ ਦੋ-ਦੋ ਮੋਬਾਇਲ ਨੇ, ਹਰ ਕੋਈ ਚਾਹੁੰਦਾ ਕਿ ਮੈਂ ਸੁਰੱਖਿਅਤ ਰਵਾਂ, ਮੇਰੀ ਗੱਲ ਸਰਕਾਰ ਜਾਂ ਫਿਰ ਸਾਈਬਰ ਸੁਰੱਖਿਆ ਤੱਕ ਨਾ ਹੀ ਪੁੱਜੇ, ਤਾਂ ਚੰਗਾ ਹੈ, ਪਰ ਕੀ ਤੁਸੀਂ ਜਾਣਦੇ ਹੋ ਕਿ ਤੁਹਾਡਾ ਸਾਰਾ ਡਾਟਾ ਅਤੇ ਏ-ਟੂ-ਜ਼ੈੱਡ ਜਾਣਕਾਰੀ, ਸਾਰੀ ਦੀ ਸਾਰੀ ਪਹਿਲਾਂ ਹੀ ਸਰਕਾਰ ਦੇ ਕੋਲ ਮੌਜੂਦ ਹੈ।

ਦਰਅਸਲ, ਜਦੋਂ ਆਧਾਰ ਕਾਰਡ ਬਣਨੇ ਸ਼ੁਰੂ ਹੋਏ ਸੀ ਤਾਂ ਉਸ ਵੇਲੇ ਵੀ ਸਰਕਾਰ ਨੇ ਲੋਕਾਂ ਦਾ ਮੋਟਾ ਜਿਹਾ ਡਾਟਾ ਇਕੱਠਾ ਕੀਤਾ ਸੀ। ਹੌਲੀ-ਹੌਲੀ ਆਧਾਰ ਕਾਰਡ ਰਾਹੀਂ ਠੱਗੀਆਂ ਦਾ ਸਿਲਸਿਲਾ ਵਧਿਆ ਤਾਂ, ਸਰਕਾਰ ਨੇ ਥੋੜ੍ਹੀ ਸਖ਼ਤੀ ਕੀਤੀ, ਥੋੜ੍ਹੀਆਂ ਤਬਦੀਲੀਆਂ ਕੀਤੀਆਂ ਅਤੇ ਆਧਾਰ ਕਾਰਡ ਬਣਾਉਣ ਦਾ ਰੂਲ ਵੀ ਸਖ਼ਤ ਬਣਾ ਦਿੱਤਾ। ਪੈਨ ਕਾਰਡ, ਆਧਾਰ ਕਾਰਡ ਦੇ ਨਾਲ ਲਿੰਕ ਕਰਨ ਦਾ ਵੀ ਕੁਝ ਮਹੀਨੇ ਪਹਿਲਾਂ ਫ਼ਰਮਾਨ ਜਾਰੀ ਹੋਇਆ ਸੀ ਅਤੇ ਕਈ ਸਿਆਸੀ ਧਿਰਾਂ ਨੇ ਤਾਂ ਆਧਾਰ ਕਾਰਡ ਨੂੰ ਵੋਟਰ ਕਾਰਡ ਦੇ ਨਾਲ ਲਿੰਕ ਕਰਨ ਦੀ ਵੀ ਮੰਗ ਕੀਤੀ ਸੀ ਕਿ ਇਸ ਨੂੰ ਜਲਦ ਤੋਂ ਜਲਦ ਲਿੰਕ ਕੀਤਾ ਜਾਵੇ ਤਾਂ, ਜੋ ਪਤਾ ਲੱਗ ਸਕੇ ਕਿ ਅਸਲੀ ਵੋਟਰ ਕਾਰਡ ਕਿਸ ਕੋਲ ਹੈ ਅਤੇ ਨਕਲੀ ਕਿਸ ਕੋਲ, ਪਰ ਇਹ ਮਾਮਲਾ ਵਿੱਚ ਵਿਚਾਲੇ ਹੀ ਰਹਿ ਗਿਆ।

ਹੁਣ ਸਵਾਲ ਇਹ ਉੱਠਦਾ ਹੈ ਕਿ ਸਾਡਾ ਡਾਟਾ ਜੇਕਰ ਪਹਿਲਾਂ ਹੀ ਸਰਕਾਰ ਜਾਂ ਫਿਰ ਸਾਈਬਰ ਸੁਰੱਖਿਆ ਦੇ ਕੋਲ ਹੈ ਤਾਂ ਫਿਰ ਸਰਕਾਰ ਇਹ ਸੰਚਾਰ ਸਾਥੀ ਐਪ ਸਾਡੇ ਕੋਲੋਂ ਆਪਣੇ ਮੋਬਾਇਲਾਂ ਵਿੱਚ ਡਾਊਨਲੋਡ ਕਿਉਂ ਕਰਵਾ ਰਹੀ ਹੈ? ਵੈਸੇ ਹੋਣਾ ਤਾਂ ਇੰਝ ਚਾਹੀਦਾ ਹੈ ਕਿ ਜਿਸ ਨੇ ਆਪਣੇ ਪੈਸੇ ਖ਼ਰਚ ਕਰਕੇ ਮੋਬਾਈਲ ਲਿਆਂਦਾ ਹੈ, ਉਹ ਆਪਣੀ ਮਰਜ਼ੀ ਦੇ ਨਾਲ ਕਿਸੇ ਐਪ ਨੂੰ ਇੰਸਟਾਲ ਕਰੇ ਜਾਂ ਫਿਰ ਨਾ ਕਰੇ, ਉਸ ਦੀ ਮਰਜ਼ੀ ਹੋਵੇ, ਪਰ ਇੱਥੇ ਤਾਂ ਸਰਕਾਰ ਆਪਣੀ ਮਰਜ਼ੀ ਚਲਾ ਰਹੀ ਹੈ। ਵਿਰੋਧੀ ਧਿਰਾਂ ਕਹਿੰਦੀਆਂ ਨੇ ਕਿ ਇਹ ਤਾਂ ਸਿੱਧਾ-ਸਿੱਧਾ ਤਾਨਾਸ਼ਾਹੀ ਵਾਲਾ ਫ਼ਰਮਾਨ ਹੈ, ਪਰ ਪਿਛਲੇ ਦਿਨੀਂ ਸਰਕਾਰ ਨੇ ਆਪਣਾ ਇਹ ਫ਼ਰਮਾਨ ਵਾਪਸ ਲੈਂਦਿਆਂ ਕਹਿ ਦਿੱਤਾ ਕਿ ਹਰ ਕਿਸੇ ਦੇ ਮੋਬਾਇਲ ਵਿੱਚ ਇਹ ਐਪ ਹੋਣੀ ਜ਼ਰੂਰੀ ਨਹੀਂ ਅਤੇ ਜੇਕਰ ਲੋਕ ਚਾਹੁਣ ਤਾਂ ਇਸ ਐਪ ਨੂੰ ਅਨ-ਇੰਸਟਾਲ, ਮਤਲਬ ਕਿ ਮੋਬਾਇਲ ਫ਼ੋਨ ਵਿੱਚੋਂ ਹਟਾ ਵੀ ਸਕਦੇ ਹਨ, ਜਦੋਂ ਕਿ ਕੁਝ ਦਿਨ ਪਹਿਲਾਂ ਹੀ ਸਰਕਾਰ ਨੇ ਆਦੇਸ਼ ਜਾਰੀ ਕਰਦਿਆਂ ਹੋਇਆਂ ਇਹ ਕਿਹਾ ਸੀ ਕਿ ਇਹ ਐਪ ਮੋਬਾਇਲ ਵਿੱਚ ਹੋਣੀ ਬੇਹੱਦ ਜ਼ਰੂਰੀ ਹੋਵੇਗੀ ਅਤੇ ਲੋਕ ਇਸ ਨੂੰ ਹਟਾ ਵੀ ਨਹੀਂ ਸਕਣਗੇ।

ਵੈਸੇ, ਡਾਟਾ ਚੋਰੀ ਦੀ ਗੱਲ ਜੇਕਰ ਕੀਤੀ ਜਾਵੇ ਤਾਂ ਇਹ ਬੇਹੱਦ ਹੀ ਲੰਮਾ-ਚੌੜਾ ਅਤੇ ਸਮਝਣ, ਸੋਚਣ ਤੇ ਵਿਚਾਰਨ ਵਾਲਾ ਮਾਮਲਾ ਹੈ। ਜਦੋਂ ਅਸੀਂ ਕੋਈ ਆਪਣੇ ਮੋਬਾਇਲ ਫ਼ੋਨ 'ਤੇ ਐਪ ਖੋਲ੍ਹਦੇ ਹਾਂ ਅਤੇ ਉੱਥੇ ਸਕਰੋਲ ਕਰਨਾ ਸ਼ੁਰੂ ਕਰਦੇ ਹਾਂ ਤਾਂ ਜਿਹੜੀਆਂ-ਜਿਹੜੀਆਂ ਚੀਜ਼ਾਂ ਸਾਡੀਆਂ ਅੱਖਾਂ ਦੇ ਸਾਹਮਣੇ ਆਉਂਦੀਆਂ ਨੇ, ਉਹੋ ਚੀਜ਼ਾਂ ਸਾਡੀ ਮੋਬਾਇਲ ਹਿਸਟਰੀ ਦੇ ਵਿੱਚ ਸੇਵ ਰਹਿ ਜਾਂਦੀਆਂ ਨੇ। ਉਹਦੇ ਬਾਅਦ ਜਦੋਂ ਵੀ ਮੋਬਾਇਲ ਫ਼ੋਨ ਬੰਦ ਕਰਕੇ ਜਾਂ ਫਿਰ ਨੈੱਟ ਆਫ਼ ਕਰਕੇ ਆਨ ਕੀਤਾ ਜਾਵੇ ਤਾਂ, ਸੰਬੰਧਤ ਕੰਟੈਂਟ ਦੇ ਨਾਲ-ਨਾਲ ਉਹ ਚੀਜ਼ਾਂ, ਜਿਹੜੀਆਂ ਅਸੀਂ ਵੇਖ ਚੁੱਕੇ ਹੁੰਦੇ ਹਾਂ, ਉਹ ਦੁਬਾਰਾ ਫਿਰ ਤੋਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਨੇ, ਮਤਲਬ ਸਾਫ਼ ਹੈ ਕਿ ਜਿਹੋ ਜਿਹਾ ਗਾਹਕ ਆਵੇਗਾ, ਉਹੋ ਜਿਹਾ ਹੀ ਮੋਬਾਇਲ ਐਪ ਉਸ ਨੂੰ ਵਿਖਾਉਣਗੀਆਂ।

ਅੱਜ ਜੇਕਰ ਕਿਸੇ ਕੋਲ ਇੱਕ ਵੀ ਮੋਬਾਇਲ ਫ਼ੋਨ ਹੈ ਤਾਂ ਉਹ ਆਪਣੇ ਮੋਬਾਇਲ ਵਿੱਚ ਸਿਰਫ਼ ਆਪਣਾ ਨਾਂਅ ਅਤੇ ਈਮੇਲ ਐਡਰੈੱਸ ਹੀ ਭਰਦੇ, ਤਾਂ ਉਸ ਦਾ ਸਾਰੇ ਦਾ ਸਾਰਾ ਡਾਟਾ ਆਪਣੇ ਆਪ ਮੋਬਾਇਲ ਐਪ ਜਾਂ ਫਿਰ ਮੋਬਾਇਲ ਦੀ ਹਿਸਟਰੀ ਵਿੱਚ ਚਲਾ ਜਾਵੇਗਾ, ਜਿਸ ਦੇ ਨਾਲ ਭਾਵੇਂ ਮੋਬਾਇਲ ਫ਼ੋਨ ਵੇਚ ਵੀ ਦਿੱਤਾ ਜਾਵੇ, ਫਿਰ ਵੀ ਉਕਤ ਗਾਹਕ ਦਾ ਡਾਟਾ ਸਾਰੇ ਦਾ ਸਾਰਾ ਉਸੇ ਤਰ੍ਹਾਂ ਹੀ ਸੇਵ ਰਹੇਗਾ।

ਅੱਜਕੱਲ੍ਹ ਜਦੋਂ ਵੀ ਕੋਈ ਨਵਾਂ ਮੋਬਾਈਲ ਫ਼ੋਨ ਲੈਂਦੇ ਹਾਂ ਤਾਂ ਮੋਬਾਈਲ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਕੋਈ ਵੀ ਇੱਕ ਮੇਲ ਮੰਗੀ ਜਾਂਦੀ ਹੈ, ਜਿਵੇਂ ਕਿ ਜੀ-ਮੇਲ ਜਾਂ ਯਾਹੂ ਮੇਲ ਜਾਂ ਫਿਰ ਹੋਰ ਜਿਹੜੀਆਂ ਵੱਡੀਆਂ ਕੰਪਨੀਆਂ, ਜਿਹੜੀਆਂ ਮੇਲ ਦੀ ਸੁਵਿਧਾ ਪ੍ਰੋਵਾਈਡ ਕਰਵਾਉਂਦੀਆਂ ਨੇ। ਜਦੋਂ ਕੋਈ ਵੀ ਮੋਬਾਇਲ ਵਰਤਣ ਵਾਲਾ ਆਦਮੀ ਜਾਂ ਫਿਰ ਔਰਤ ਆਪਣਾ ਈਮੇਲ ਐਡਰੈੱਸ ਨਵੇਂ ਮੋਬਾਇਲ ਵਿੱਚ ਭਰਦਾ ਹੈ ਤਾਂ ਉਸ ਦਾ ਪਿਛਲਾ ਸਾਰਾ ਡਾਟਾ ਨਵੇਂ ਮੋਬਾਈਲ ਫ਼ੋਨ ਵਿੱਚ ਆਪਣੇ ਆਪ ਹੀ ਟਰਾਂਸਫ਼ਰ ਹੋ ਜਾਂਦਾ ਹੈ, ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਉਕਤ ਈਮੇਲ (ਕੰਪਨੀਆਂ) ਕੋਲ ਸਾਰੇ ਦਾ ਸਾਰਾ ਡਾਟਾ ਪਹਿਲੋਂ ਹੀ ਸੇਵ ਹੁੰਦਾ ਹੈ।

ਇਹ ਤਾਂ ਇਕੱਲੇ ਈਮੇਲ ਦੀ ਗੱਲ ਹੋਈ, ਬਾਕੀ ਫੇਸਬੁਕ, ਟਵਿੱਟਰ, ਲਿੰਕਡਨ ਅਤੇ ਹੋਰ ਵੱਡੀਆਂ ਮੋਬਾਇਲ ਐਪ, ਜਿਹੜੀਆਂ ਸਾਡੀ ਜ਼ਿੰਦਗੀ ਦਾ ਇੱਕ ਹਿੱਸਾ ਬਣ ਚੁੱਕੀਆਂ ਨੇ, ਉਨ੍ਹਾਂ ਉੱਤੇ ਵੀ ਅਸੀਂ ਆਪਣਾ ਕੰਟੈਂਟ, ਫ਼ੋਟੋਆਂ, ਲੋਕੇਸ਼ਨ ਅਤੇ ਆਪਣੇ ਅਹੁਦੇ ਤੋਂ ਇਲਾਵਾ ਆਪਣਾ ਉਹ ਸਭ ਕੁਝ ਵੀ ਲਿਖ ਦਿੰਦੇ ਹਾਂ, ਜਾਂ ਫਿਰ ਬਿਆਨ ਕਰ ਦਿੰਦੇ ਹਾਂ, ਜਿਸ ਦੀ ਬਹੁਤ ਜ਼ਿਆਦਾ ਲੋੜ ਨਹੀਂ ਹੁੰਦੀ। ਇਸ ਦੇ ਨਾਲ ਮੋਬਾਇਲ ਐਪ ਕੰਪਨੀਆਂ ਡਾਟਾ ਸੇਵ ਕਰ ਲੈਂਦੀਆਂ ਨੇ ਅਤੇ ਕਥਿਤ ਤੌਰ 'ਤੇ ਉਸ ਡਾਟੇ ਨੂੰ ਅੱਗੇ ਵੇਚ ਦਿੱਤਾ ਜਾਂਦਾ ਹੈ।

ਕੁਝ ਸਮਾਂ ਪਹਿਲਾਂ ਗੂਗਲ ਨੇ ਇੱਕ ਰਿਪੋਰਟ ਸਾਂਝੀ ਕਰਦਿਆਂ ਕਿਹਾ ਸੀ ਕਿ ਕਰੋੜਾਂ ਲੋਕਾਂ ਦੇ ਪਾਸਵਰਡ ਚੋਰੀ ਹੋ ਗਏ ਨੇ ਜਾਂ ਫਿਰ ਲੀਕ ਹੋ ਗਏ ਨੇ। ਇਹ ਪਾਸਵਰਡ ਲੀਕ ਕਿਵੇਂ ਹੋਏ, ਇਸ ਬਾਰੇ ਤਾਂ ਗੂਗਲ ਨੇ ਕੋਈ ਸਪੱਸ਼ਟ ਨਹੀਂ ਸੀ ਦੱਸਿਆ, ਪਰ ਇਹ ਜ਼ਰੂਰ ਕਿਹਾ ਸੀ ਕਿ ਈਮੇਲ ਜਾਂ ਫਿਰ ਗੂਗਲ ਦੇ ਹੋਰ ਅਕਾਊਂਟ ਦੇ ਨਾਲ ਜੋੜੇ ਗਏ, ਪਾਸਵਰਡ ਜਿਹੜੇ ਵੀਕ ਪਾਸਵਰਡ ਹੁੰਦੇ ਨੇ, ਉਹੀ ਲੀਕ ਹੋਏ ਨੇ, ਜਿਸ ਦੇ ਕਾਰਨ ਲੋਕਾਂ ਦਾ ਡਾਟਾ ਚੋਰੀ ਹੋਣ ਦਾ ਖ਼ਤਰਾ ਹੈ। ਮਤਲਬ ਸਾਫ਼ ਹੈ ਕਿ ਵੀਕ ਯਾਨੀ ਕਿ ਸਿੱਧੇ-ਸਾਧੇ ਪਾਸਵਰਡ, ਜਿਨ੍ਹਾਂ ਲੋਕਾਂ ਵੱਲੋਂ ਆਪਣੇ ਮੋਬਾਈਲ ਫੋਨਾਂ 'ਤੇ ਲਗਾਏ ਜਾਂਦੇ ਨੇ, ਉਨ੍ਹਾਂ ਦਾ ਡਾਟਾ ਛੇਤੀ ਚੋਰੀ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਅ

6-DEC-PAGE-5.qxd 12/5/2025 10:30 PM Page 1

ਸਰਕਾਰੀ ਜ਼ਮੀਨਾਂ ਵੇਚਣ ਖਿਲਾਫ ਆਈ ਡੀ ਪੀ ਵੱਲੋਂ ਰੋਸ ਪ੍ਰਦਰਸ਼ਨ

ਸਾਰੀਆਂ ਪੰਚਾਇਤਾਂ ਗ੍ਰਾਮ ਸਭਾਵਾਂ ਦੇ ਮਤੇ ਪਾ ਕੇ ਜ਼ਮੀਨਾਂ ਵੇਚਣ ਦਾ ਵਿਰੋਧ ਕਰਨ : ਅਮਿਤੋਜ ਮਾਨ

ਨਾਭਾ (ਵਰਿੰਦਰ ਵਰਮਾ)-ਪੰਜਾਬ ਵਿੱਚ ਸਰਕਾਰ ਵੱਲੋਂ ਪੰਜਾਬ ਦੀਆਂ ਸ਼ਾਮਲਾਟ ਜ਼ਮੀਨਾਂ, ਖੇਤੀਬਾੜੀ ਯੂਨੀਵਰਸਿਟੀ, ਮੰਡੀ ਬੋਰਡ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ (ਪਾਵਰਕਾਮ) ਤੇ ਬਾਗਬਾਨੀ ਆਦਿ ਵਿਭਾਗਾਂ ਦੀਆਂ ਜ਼ਮੀਨਾਂ ਵੇਚਣ ਦਾ ਫੈਸਲਾ ਕਰ ਲਿਆ ਹੈ।ਪੰਚਾਇਤੀ ਜ਼ਮੀਨਾਂ ਦੀ ਨਿਸ਼ਾਨਦੇਹੀ ਦੇ ਹੁਕਮ ਦਿੱਤੇ ਗਏ ਹਨ।ਪੰਜਾਬ ਸਰਕਾਰ ਦੇ ਫੈਸਲੇ ਅਨੁਸਾਰ ਪੰਚਾਇਤਾਂ ਦੀ ਆਮਦਨ ਦਾ ਇੱਕ ਤਿਹਾਈ ਹਿੱਸਾ ਪਹਿਲਾਂ ਹੀ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਨਾਮ ਉੱਤੇ ਜਬਰੀ ਵਸੂਲਿਆ ਜਾ ਰਿਹਾ ਹੈ, ਜਿਨ੍ਹਾਂ ਪਿੰਡਾਂ ਦੀਆਂ ਜ਼ਮੀਨਾਂ ਪਹਿਲਾਂ ਹੀ ਇਕੁਆਇਰ ਕਰ ਲਈਆਂ ਹਨ।ਉਨ੍ਹਾਂ ਪੰਚਾਇਤਾਂ ਦੇ ਖਾਤਿਆਂ ਵਿੱਚ ਪਏ ਪੈਸੇ ਦਾ ਪੰਜ ਫੀਸਦ ਹੋਰ ਮੰਗਿਆ ਜਾ ਰਿਹਾ ਹੈ।ਪਾਣੀ ਨੂੰ ਪ੍ਰਦੂਸ਼ਿਤ ਕਰਨ ਵਾਲਿਆਂ ਖਿਲਾਫ਼ ਹੁਣ ਸਜ਼ਾ ਦੀ ਧਾਰਾ ਖ਼ਤਮ ਕਰਕੇ ਜੁਰਮਾਨੇ ਤੱਕ ਸੀਮਤ ਕਰ ਦਿੱਤਾ ਹੈ।ਪ੍ਰਦੂਸ਼ਤ ਪਾਣੀ, ਹਵਾ ਤੇ ਮਿਲਾਵਟੀ ਖੁਰਾਕ ਕਰਕੇ ਪੰਜਾਬ ਅੰਦਰ ਕੈਂਸਰ ਤੇ ਕਾਲੇ ਪੀਲੀਏ ਵਰਗੀਆਂ ਨਾਮੁਰਾਦ ਬਿਮਾਰੀਆਂ ਪੈਰ ਪਾਸਾਰ ਰਹੀਆਂ ਹਨ।ਲੋਕਾਂ ਦੀ ਕਮਾਈ ਬਿਮਾਰੀਆਂ ਉੱਤੇ ਖਰਚ ਹੋ ਰਹੀ ਹੈ।ਕਿਰਤੀਆਂ ਨੂੰ ਸੌ ਦਿਨ ਦੇ ਰੁਜ਼ਗਾਰ ਦੀ ਗਰੰਟੀ ਤੇ ਉਸ ਦੀ ਮਟੀਰੀਅਲ ਲਾਗਤ ਨਾਲ ਪਿੰਡਾਂ ਦਾ ਪਾਣੀ, ਜ਼ਮੀਨ ਤੇ ਵਾਤਾਵਰਣ ਸੁਧਾਰ ਲਈ ਪੌਦੇ ਲਾਉਣ ਦਾ ਆਧਾਰ ਬਣਨ ਵਾਲੀ ਮਨਰੇਗਾ ਨੂੰ ਹੌਲੀ ਹੌਲੀ ਕਰਕੇ ਖ਼ਤਮ ਕਰ ਦੇਣ ਦਾ ਤਰੀਕਾ ਅਪਣਾਇਆ ਜਾ ਰਿਹਾ ਹੈ।ਇਨ੍ਹਾਂ ਮਾਮਲਿਆਂ ਨੂੰ ਲੈ ਕੇ ਇੰਟਰਨੈਸ਼ਨਲਿਸਟ ਡੈਮੋਕ੍ਰੇਟਿਕ ਪਲੇਟਫਾਰਮ (ਆਈ ਡੀ ਪੀ) ਵੱਲੋਂ ਪਿਛਲੇ ਇੱਕ ਮਹੀਨੇ ਤੋਂ ਨਾਭਾ ਤਹਿਸੀਲ ਦੇ ਪਿੰਡਾਂ ਵਿੱਚ ਸ਼ੁਰੂ ਕੀਤੀ ਚੇਤਨਾ ਤੇ ਲਾਮਬੰਦੀ ਮੁਹਿੰਮ ਦੇ ਅੱਜ ਅਖੀਰਲੇ ਦਿਨ ਐਸਡੀਐਮ ਨਾਭਾ ਦੇ ਦਫਤਰ ਅੱਗੇ ਰੋਸ ਜ਼ਾਹਰ ਕਰਨ ਲਈ ਲੋਕਾਂ ਤੇ ਪੰਚਾਇਤਾਂ ਦਾ ਸਾਂਝਾ ਇਕੱਠ ਸੈਂਕੜਿਆਂ ਦੀ ਗਿਣਤੀ ਵਿੱਚ ਹੋਇਆ।

ਇਸ ਮੌਕੇ ਸੰਬੋਧਨ ਕਰਦਿਆਂ ਉੱਘੇ ਚਿੰਤਕ ਤੇ ਆਈ ਡੀ ਪੀ ਆਗੂ ਹਮੀਰ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਤੇ ਅਮਿਤੋਜ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਨੌਜਵਾਨਾਂ ਸਾਹਮਣੇ ਰੁਜ਼ਗਾਰ ਨਹੀਂ ਹੈ।ਹੁਣ ਤਾਂ ਵਿਦੇਸ਼ ਦਾ ਰਾਹ ਵੀ ਬੰਦ ਹੋ ਰਿਹਾ ਹੈ।ਭਵਿੱਖ ਦੀ ਨਾਉਮੀਦੀ ਕਰਕੇ ਨੌਜਵਾਨਾਂ ਦਾ ਵੱਡਾ ਵਰਗ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕਾ ਹੈ।ਹਜ਼ਾਰਾਂ ਮਾਵਾਂ ਦੀਆਂ ਗੋਦਾਂ ਸੁੰਨੀਆਂ ਹੋ ਰਹੀਆਂ ਹਨ।ਯੁੱਧ ਨਸ਼ਿਆਂ ਵਿਰੁੱਧ ਵਰਗੇ ਨਾਅਰੇ ਇਸ਼ਤਿਹਾਰਾਂ ਤੱਕ ਸੀਮਤ ਦਿਖਾਈ ਦੇ ਰਹੇ ਹਨ।ਅਜਿਹੇ ਹਾਲਾਤ ਵਿੱਚ ਜੇਕਰ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਚਲੀਆਂ ਗਈਆਂ ਤਾਂ ਬਜ਼ਰਗਾਂ ਵੱਲੋਂ ਸਿਆਣਪ ਦਿਖਾਉਂਦਿਆਂ ਆਪਣੇ ਬਸ਼ਿੰਦਿਆਂ ਲਈ ਛੱਡੀ ਵਿਰਾਸਤ ਖਤਮ ਹੋ ਜਾਵੇਗੀ।ਸਾਂਝੀਆਂ ਸੰਸਥਾਵਾਂ ਲਈ ਕੋਈ ਜਗ੍ਹਾ ਨਹੀਂ ਬਚੇਗੀ। ਆਗੂਆਂ ਨੇ ਕਿਹਾ ਕਿ ਮੰਡੀ ਬੋਰਡ, ਬਿਜਲੀ ਖੇਤਰ, ਯੂਨੀਵਰਸਿਟੀ ਆਦਿ ਸੰਸਥਾਵਾਂ ਦੀਆਂ ਜ਼ਮੀਨਾਂ ਚਲੀਆਂ ਗਈਆਂ ਤਾਂ ਮੰਡੀਆਂ ਨਿੱਜੀ ਹੱਥਾਂ ਵਿੱਚ ਜਾਣਗੀਆਂ ਤੇ ਹਰ ਖੇਤਰ ਵਿੱਚ ਨਿੱਜੀ ਖੇਤਰ ਦੀ ਮਹਿੰਗਾਈ ਵੱਡੇ ਹਿੱਸੇ ਦਾ ਲੱਕ ਤੋੜ ਦੇਵੇਗੀ।ਇਸ ਲਈ ਇਨ੍ਹਾਂ ਜ਼ਮੀਨਾਂ ਨੂੰ ਬਚਾਉਣ ਲਈ ਲੋਕਾਂ ਨੂੰ ਮਜ਼ਬੂਤੀ ਨਾਲ ਲਾਮਬੰਦ ਹੋਣਾ ਪਵੇਗਾ।

ਇਸ ਮੌਕੇ ਇਕੱਠ ਵਿੱਚ ਆ ਕੇ ਤਹਿਸੀਲਦਾਰ ਸੁਖਜਿੰਦਰ ਸਿੰਘ ਟਿਵਾਣਾ ਨੇ ਪ੍ਰਦਰਸ਼ਨਕਾਰੀਆਂ ਤੋਂ ਮੰਗ ਪੱਤਰ ਪ੍ਰਾਪਤ ਕੀਤਾ ਤੇ ਵਿਸ਼ਵਾਸ ਦਵਾਇਆ ਕਿ ਉਹ ਤੁਰੰਤ ਮੁੱਖ ਮੰਤਰੀ ਪੰਜਾਬ ਨੂੰ ਇਹ ਮੰਗ ਪੱਤਰ ਭੇਜਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕੇਵਲ ਸਿੰਘ ਕੋਟ, ਰਾਜਕੁਮਾਰ ਸਿੰਘ ਕਨਸੂਹਾ, ਕਸ਼ਮੀਰਾ ਸਿੰਘ ਬੂਹੀ, ਖਿਆਲੀ ਰਾਮ ਪਾਤੜਾਂ, ਜੰਗੀਰ ਸਿੰਘ ਪਟਿਆਲਾ, ਜੋਗਿੰਦਰ ਸਿੰਘ ਮੌਜੀ, ਡਾ. ਲਾਲ ਚੰਦ, ਕੁਲਵੰਤ ਸਿੰਘ ਬੂਹੀ, ਅਵਤਾਰ ਸਿੰਘ ਅਗੇਤੀ, ਕ੍ਰਿਸ਼ਨ ਸਿੰਘ ਲਬਾਣਾ, ਸਨੀਤਾ ਰਾਣੀ ਕੈਦੂਪੁਰ ਆਦਿ ਨੇ ਵਿਸ਼ੇਸ਼ ਸ਼ਮੂਲੀਅਤ ਕੀਤੀ।

ਕਾ. ਸੁਰਜੀਤ ਦੀ ਬਰਸੀ ਸੰਬੰਧੀ ਤਿਆਰੀਆਂ ਮੁਕੰਮਲ : ਦਲਿਓ

ਮਾਨਸਾ (ਆਤਮਾ ਸਿੰਘ ਪਮਾਰ)-ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਸੂਬਾ ਸਕੱਤਰੇਤ ਮੈਂਬਰ ਤੇ ਜ਼ਿਲ੍ਹਾ ਮਾਨਸਾ ਦੇ ਸਕੱਤਰ ਕਾਮਰੇਡ ਸਵਰਨਜੀਤ ਸਿੰਘ ਦਲਿਓ ਐਡਵੋਕੇਟ ਨੇ ਸਥਾਨਕ ਪਾਰਟੀ ਦਫ਼ਤਰ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੌਮਾਂਤਰੀ ਪ੍ਰਸਿੱਧੀ ਵਾਲੇ ਕਮਿਊਨਿਸਟ ਆਗੂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ 17ਵੀਂ ਬਰਸੀ 'ਚ ਮਾਨਸਾ ਜ਼ਿਲ੍ਹੇ ਦੀਆਂ ਤਿੰਨਾਂ ਤਹਿਸੀਲਾਂ ਬੁਢਲਾਡਾ, ਸਰਦੂਲਗੜ੍ਹ ਤੇ ਮਾਨਸਾ ਤੋਂ ਵੱਡੀ ਗਿਣਤੀ ਕਮਿਊਨਿਸਟ ਵਰਕਰ 7 ਦਸੰਬਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਬੁਡਾਲਾ (ਜਲੰਧਰ) ਵਿਖੇ ਪਹੁੰਚਣਗੇ। ਐਡਵੋਕੇਟ ਦਲਿਓ ਨੇ ਦਾਅਵਾ ਕੀਤਾ ਕਿ ਕਾਮਰੇਡ ਸੁਰਜੀਤ ਦੀ ਬਰਸੀ ਸਮਾਗਮ ਸਬੰਧੀ ਵਹੀਕਲਾਂ ਦਾ ਬੰਦੋਬਸਤ ਆਦਿ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਕਾ. ਸੁਰਜੀਤ ਦੀ ਬਰਸੀ ਪ੍ਰਤੀ ਕਮਿਊਨਿਸਟ ਵਰਕਰਾਂ ਵਿੱਚ ਭਾਰੀ ਜੋਸ਼ ਤੇ ਉਤਸ਼ਾਹ ਹੈ।ਉਨ੍ਹਾਂ ਦੱਸਿਆ ਕਿ ਪਾਰਟੀ ਦੇ ਕੁੱਲ ਹਿੰਦ ਜਨਰਲ ਸਕੱਤਰ ਕਾਮਰੇਡ ਐੱਮ. ਏ. ਬੇਬੀ ਦੀ ਮੁੱਖ ਜ਼ਿੰਮੇਵਾਰੀ ਸੰਭਾਲਣ ਤੋਂ ਬਾਅਦ ਸੀ.ਪੀ.ਆਈ. (ਐੱਮ) ਵੱਲੋਂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਜੱਦੀ ਪਿੰਡ ਬੁਡਾਲਾ (ਜਲੰਧਰ) ਵਿਖੇ ਜਨਤਕ ਸਮਾਗਮ ਨੂੰ ਸੰਬੋਧਨ ਕਰਨ ਪਹੁੰਚ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਦੇ ਮੁੱਖ ਮਹਿਮਾਨ ਕਿਊਬਾ ਦੇ ਰਾਜਦੂਤ ਕਾਮਰੇਡ ਜੁਆਨ ਕਾਰਲੋਸ ਮਾਰਸਨ ਐਕੂਇਲੇਰਾ ਹੋਣਗੇ।

ਅੱਜ ਬਿਜਲੀ ਬੰਦ ਰਹੇਗੀ

ਭੀਖੀ (ਗੁਰਿੰਦਰ ਸਿੰਘ ਔਲਖ)-66 ਕੇਵੀ ਗਰਿੱਡ ਤੋਂ ਚਲਦੇ ਪਿੰਡ ਅਤਲਾ ਤੇ ਮੱਤੀ ਸ਼ਹਿਰੀ ਦੀ ਬਿਜਲੀ ਸਪਲਾਈ ਜ਼ਰੂਰੀ ਮੁਰੰਮਤ ਕਾਰਨ ਅੱਜ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਪ੍ਰਭਾਵਿਤ ਰਹੇਗੀ।ਇਹ ਜਾਣਕਾਰੀ ਉਪ ਮੰਡਲ ਅਫਸਰ ਜੋਗਾ ਇੰਜੀਨੀਅਰ ਜਗਜੀਵਨ ਸਿੰਘ ਤੇ ਜੇ ਈ ਮੱਖਣ ਲਾਲ ਨੇ ਦਿੱਤੀ।

ਕੇਂਦਰ ਸਰਕਾਰ ਲੋਕ ਵਿਰੋਧੀ ਬਿਜਲੀ ਸੋਧ ਬਿੱਲ-2025 ਦਾ ਖਰੜਾ ਵਾਪਸ ਲਵੇ : ਮਜਾਰੀ, ਗੰਡੀਵਿੰਡ

- ਬਿਜਲੀ ਸੋਧ ਬਿੱਲ ਦੇ ਖਰੜੇ ਬਾਰੇ ਪੰਜਾਬ ਸਰਕਾਰ ਦੀ ਖਾਮੋਸ਼ੀ 'ਤੇ ਚਿੰਤਾ ਦਾ ਪ੍ਰਗਟਾਵਾ
- 8 ਨੂੰ ਬਿਜਲੀ ਸੋਧ ਬਿੱਲ ਦੀਆਂ ਕਾਪੀਆਂ ਫੂਕਣ ਦੀ ਕੀਤੀ ਡੱਟਵੀਂ ਹਮਾਇਤ

ਲੁਧਿਆਣਾ (ਜਸਦੀਪ ਵਰਤੀਆ, ਕਬੂਰੀਆ)-ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਥੇਬੰਦੀਆਂ ਦੇ ਸਾਂਝੇ ਥੜੇ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸਬੰਧਤ ਏਟਕ) ਤੇ ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਨਾਲ ਸਬੰਧਤ ਆਗੂਆਂ ਰਤਨ ਸਿੰਘ ਮਜਾਰੀ ਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਪ੍ਰੈੱਸ ਨੂੰ ਜਾਰੀ ਕੀਤੇ ਸਾਂਝੇ ਬਿਆਨ ਰਾਹੀਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ 9 ਅਕਤੂਬਰ ਨੂੰ ਸੂਬਾ ਸਰਕਾਰਾਂ ਨੂੰ ਬਿਜਲੀ ਸੋਧ ਬਿੱਲ 2025 ਦੇ ਭੇਜੇ ਖਰੜੇ ਨੂੰ ਲੋਕ ਵਿਰੋਧੀ ਦੱਸਦੇ ਹੋਏ ਇਸ ਦੀ ਜ਼ੋਰਦਾਰ ਨਿੰਦਾ ਕੀਤੀ।ਇਸ ਬਿੱਲ ਬਾਰੇ ਪੰਜਾਬ ਸਰਕਾਰ ਵੱਲੋਂ ਧਾਰਨ ਕੀਤੀ ਖਾਮੋਸ਼ੀ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਲੋਕ ਵਿਰੋਧੀ ਘਾਤਕ ਖਰੜੇ ਖਿਲਾਫ਼ ਟਿੱਪਣੀ ਕਰਨ ਦੀ ਜਿੱਥੇ ਮਾਨ ਸਰਕਾਰ ਕੋਲੋਂ ਜ਼ੋਰਦਾਰ ਮੰਗ ਕੀਤੀ ਹੈ, ਉਥੇ ਕੇਂਦਰ ਦੀ ਮੋਦੀ ਸਰਕਾਰ ਕੋਲੋਂ ਬਿਜਲੀ ਬਿੱਲ-2025 ਦਾ ਖਰੜਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ।ਆਗੂਆਂ ਨੇ ਸਭਨਾਂ ਸੰਘਰਸ਼ਸ਼ੀਲ ਧਿਰਾਂ ਨੂੰ ਇਕਜੁੱਟ ਹੋ ਕੇ ਇਸ ਲੋਕ ਵਿਰੋਧੀ ਬਿੱਲ ਖਿਲਾਫ਼ ਵੱਡੀ ਲਹਿਰ ਖੜੀ ਕਰਨ ਦਾ ਸੱਦਾ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਜੇਕਰ ਮੋਦੀ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਨੂੰ ਫਾਦਿਦਾ ਪਹੁੰਚਾਉਣ ਲਈ ਇਹ ਸੋਧ ਬਿੱਲ ਪਾਰਲੀਮੈਂਟ ਦੇ ਸਰਦ ਰੁੱਤ ਸਮਾਗਮ ਵਿੱਚ ਲਿਆ ਕੇ ਪਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਤਾਂ ਕੇਂਦਰ ਸਰਕਾਰ ਨੂੰ ਪੂਰੇ ਦੇਸ਼ ਵਿੱਚ ਕਿਰਤੀਆਂ, ਕਿਸਾਨਾਂ ਸਮੇਤ ਮਿਹਨਤਕਸ਼ ਵਰਗ ਦੇ ਵੱਡੇ ਅੰਦੋਲਨਾਂ ਦਾ ਸਾਹਮਣਾ ਕਰਨਾ ਪਵੇਗਾ, ਕਿਉਂਕਿ ਇਸ ਬਿੱਲ ਦੀ ਇੱਕ ਵੀ ਧਾਰਾ ਆਮ ਜਨਤਾ, ਕਿਸਾਨਾਂ ਜਾਂ ਮੁਲਾਜ਼ਮਾਂ ਦੇ ਫਾਇਦੇ ਲਈ ਨਹੀਂ ਹੈ, ਬਲਕਿ ਇਸ ਬਿਜਲੀ ਬਿੱਲ ਰਾਹੀਂ ਸਰਕਾਰੀ ਬਿਜਲੀ ਕੰਪਨੀਆਂ ਹੋਰ ਘਾਟੇ ਵੱਲ ਧੱਕ ਕੇ ਇਨ੍ਹਾਂ ਨੂੰ ਨਿੱਜੀ ਕੰਪਨੀਆਂ ਦੇ ਹੱਥਾਂ ਵਿੱਚ ਦੇਣ ਦੀਆਂ ਤਿਆਰੀਆਂ ਵਜੋਂ ਦੇਖਿਆ ਜਾ ਸਕਦਾ ਹੈ।

ਆਗੂਆਂ ਨੇ ਕਿਹਾ ਕਿ ਬਿਜਲੀ ਬਿੱਲ ਦੇ ਖਰੜੇ ਦੀ ਧਾਰਾ 14 ਤੇ 42 ਰਾਹੀਂ ਲੋਕਾਂ ਦੇ ਪੈਸੇ ਨਾਲ ਖੜੇ ਕੀਤੇ ਬਿਜਲੀ ਸੰਚਾਰ ਨੈੱਟਵਰਕ ਨੂੰ ਪ੍ਰਾਈਵੇਟ ਕੰਪਨੀਆਂ ਲਈ ਖੋਲ੍ਹਿਆ ਜਾਵੇਗਾ ਧਾਰਾ 58, 66, 86, 142 ਤੇ 166 ਰਾਹੀਂ ਬਿਜਲੀ ਦਾ ਕੇਂਦਰੀਕਰਨ ਕਰਕੇ ਰਾਜ ਸਰਕਾਰਾਂ ਦਾ ਸੰਵਿਧਾਨਕ ਸੰਘੀ ਅਧਿਕਾਰ ਖਤਮ ਕਰ ਦਿੱਤਾ ਜਾਵੇਗਾ।ਇਸੇ ਤਰ੍ਹਾਂ ਆਮ ਖਪਤਕਾਰਾਂ ਤੇ ਕਿਸਾਨਾਂ 'ਤੇ ਸਭ ਤੋਂ ਵੱਡੀ ਮਾਰ ਧਾਰਾ 61 ਰਾਹੀਂ ਕਰਾਸ-ਸਬਸਿਡੀਆਂ ਖਤਮ ਕਰਕੇ ਆਮ ਘਰੇਲੂ ਖਪਤਕਾਰਾਂ ਤੇ ਕਿਸਾਨਾਂ 'ਤੇ ਮਹਿੰਗੀਆਂ ਬਿਜਲੀ ਦਰਾਂ ਦਾ ਵਾਧੂ ਬੋਝ ਪਵੇਗਾ। ਬਿਜਲੀ ਸੋਧ ਬਿੱਲ 2025 ਦੇ ਘਾਤਕ ਖਰੜੇ ਬਾਰੇ ਸਾਂਝਾ ਫੋਰਮ ਦੇ ਸਕੱਤਰ ਹਰਪਾਲ ਸਿੰਘ ਤੇ ਏਕਤਾ ਮੰਚ ਦੇ ਸਕੱਤਰ ਗੁਰਵੇਲ ਸਿੰਘ ਬੱਲਪੁਰੀਆ ਨੇ ਕਿਹਾ ਕਿ ਨਿੱਜੀ ਕੰਪਨੀਆਂ ਲਈ ਲੁੱਟ ਦਾ ਰਾਹ ਖੋਲ੍ਹਣ ਨਾਲ ਇੱਕ ਪਾਸੇ ਵਧੇਰੇ ਰੈਵੀਨਿਊ ਵਾਲੇ ਇੰਡਸਟ੍ਰੀਅਲ ਖੇਤਰ ਦੇ ਨਿੱਜੀ ਕੰਪਨੀਆਂ ਕੋਲ ਜਾਣ ਨਾਲ ਸਰਕਾਰੀ ਬਿਜਲੀ ਕੰਪਨੀਆਂ ਘਾਟੇ ਵਿੱਚ ਜਾਣਗੀਆਂ, ਦੂਜੇ ਪਾਸੇ ਪੇਂਡੂ ਖੇਤਰਾਂ ਲਈ ਸਿਰਫ ਸਰਕਾਰੀ ਬਿਜਲੀ ਕੰਪਨੀਆਂ ਹੀ ਬਿਜਲੀ ਮੁਹੱਈਆ ਕਰਵਾਉਣਗੀਆਂ, ਜੋ ਘਾਟਾ ਵਧ ਜਾਣ ਕਰਕੇ ਲੰਮਾ ਸਮਾਂ ਸੁਚਾਰੂ ਬਿਜਲੀ ਮੁਹੱਈਆ ਨਹੀਂ ਕਰਵਾ ਸਕਣਗੀਆਂ। ਸਾਂਝੇ ਥੜੇ ਦੇ ਆਗੂਆਂ ਬਲਦੇਵ ਸਿੰਘ ਮੰਢਾਲੀ ਤੇ ਇੰਜੀ: ਹਰਮਨਦੀਪ ਨੇ ਕਿਹਾ ਕਿ ਨਿੱਜੀ ਕੰਪਨੀਆਂ ਨਾਲੋਂ ਸਰਕਾਰੀ ਬਿਜਲੀ ਕੰਪਨੀਆਂ ਨੌਜਵਾਨਾਂ ਨੂੰ ਵੱਧ ਨੌਕਰੀਆਂ ਦੇਣ ਦੇ ਕਾਬਲ ਹਨ। ਪੰਜਾਬ ਦੀ ਗੱਲ ਕਰੀਏ ਤਾਂ ਪਾਵਰਕਾਮ ਵਿੱਚ ਲਗਭਗ 50 ਹਜ਼ਾਰ ਅਸਾਮੀਆਂ ਖਾਲੀ ਚੱਲ ਰਹੀਆਂ ਹਨ ਤੇ ਹਰੇਕ ਮਹੀਨੇ ਹੋ ਰਹੀ ਸੇਵਾਮੁਕਤੀ ਕਾਰਨ ਇਹ ਗਿਣਤੀ ਹੋਰ ਵਧਦੀ ਜਾ ਰਹੀ ਹੈ, ਪਰ ਸਰਕਾਰ ਫਿਰ ਵੀ ਨਾ ਤਾਂ ਪਾਵਰਕਾਮ ਤੇ ਟ੍ਰਾਂਸਕੋ ਕਾਰਪੋਰੇਸ਼ਨਾਂ ਵਿੱਚ ਲੰਮੇ ਸਮੇਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਕੰਮ ਕਰ ਰਹੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰ ਰਹੀ ਹੈ ਅਤੇ ਨਾ ਹੀ ਰੈਗੂਲਰ ਭਰਤੀ ਰਾਹੀਂ ਖਾਲੀ ਅਸਾਮੀਆਂ ਭਰ ਰਹੀ ਹੈ, ਜੋ ਦੋਨਾਂ ਕਾਰਪੋਰੇਸ਼ਨਾਂ ਨੂੰ ਨਿੱਜੀ ਹੱਥਾਂ 'ਚ ਦੇਣ ਦੀ ਮਾਨ ਸਰਕਾਰ ਦੀ ਘਟੀਆ ਨੀਤੀ ਦਾ ਝਲਕਾਰਾ ਪਾਉਂਦੀ ਹੈ।ਆਗੂਆਂ ਨੇ ਕਿਹਾ ਕਿ ਹੁਣ ਇਸ ਬਿਜਲੀ ਸੋਧ ਬਿੱਲ ਰਾਹੀਂ ਕੇਂਦਰ ਸਰਕਾਰ ਬੇਰੁਜ਼ਗਾਰ ਨੌਜਵਾਨਾਂ ਤੇ ਕੱਚੇ/ਠੇਕਾ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਬਜਾਏ ਉਨ੍ਹਾਂ ਦੇ ਕੱਚੇ ਰੁਜ਼ਗਾਰ 'ਤੇ ਵੀ ਡਾਕਾ ਮਾਰਨ ਜਾ ਰਹੀ ਹੈ।ਇਸ ਲਈ ਸਾਂਝੇ ਥੜੇ ਨਾਲ ਸਬੰਧਤ ਸਮੂਹ ਜਥੇਬੰਦੀਆਂ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਤਜਵੀਜ਼ਤ ਇਸ ਬਿਜਲੀ ਸੋਧ ਬਿੱਲ ਦਾ ਸਖਤ ਵਿਰੋਧ ਕਰਦੀਆਂ ਹਨ।ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਦੇ ਆਗੂਆਂ ਰਾਧੇ ਸ਼ਿਆਮ, ਬਲਜੀਤ ਸਿੰਘ ਮੋਦਲਾ, ਰਵੇਲ ਸਿੰਘ ਸਹਾਏਪੁਰ, ਦਵਿੰਦਰ ਸਿੰਘ ਪਿਸੌਰ, ਜਸਵੀਰ ਸਿੰਘ ਆਂਡਲੂ, ਕੰਵਰ ਸਿੰਘ ਸੋਹੀ, ਦਲੀਪ ਕੁਮਾਰ, ਬਾਬਾ ਅਮਰਜੀਤ ਸਿੰਘ, ਗੁਰਪਿਆਰ ਸਿੰਘ, ਪਵਨਪ੍ਰੀਤ ਸਿੰਘ ਆਦਿ ਨੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 8 ਦਸੰਬਰ ਨੂੰ ਬਿਜਲੀ ਦਫਤਰਾਂ ਵਿੱਚ ਬਿਜਲੀ ਸੋਧ ਬਿੱਲ 2025 ਦੇ ਖਰੜੇ ਦੀਆਂ ਕਾਪੀਆਂ ਫੂਕਣ ਦੇ ਸੰਘਰਸ਼ ਦੀ ਡੱਟਵੀਂ ਹਮਾਇਤ ਕਰਦਿਆਂ ਸੰਘਰਸ਼ ਵਿੱਚ ਸ਼ਾਮਲ ਹੋਣ ਦੀ ਬਿਜਲੀ ਕਾਮਿਆਂ ਨੂੰ ਅਪੀਲ ਕੀਤੀ ਹੈ।ਆਗੂਆਂ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਹ ਬਿੱਲ ਵਾਪਸ ਨਾ ਲਿਆ ਗਿਆ ਤਾਂ ਬਿਜਲੀ ਮੁਲਾਜ਼ਮ, ਕਿਸਾਨ/ਮਜ਼ਦੂਰ ਤੇ ਹੋਰ ਜਮਹੂਰੀ ਜਥੇਬੰਦੀਆਂ ਰਲ ਕੇ ਦੇਸ਼ ਵਿਆਪੀ ਕੀਤੇ ਜਾਣ ਵਾਲੇ ਸੰਘਰਸ਼ਾਂ ਦੇ ਨਾਲ-ਨਾਲ ਸ

6-DEC-PAGE-6.qxd 12/5/2025 10:31 PM Page 1

ਥਰਮਲ ਦੇ ਠੇਕਾ ਮੁਲਾਜ਼ਮਾਂ ਨੇ ਹੜ੍ਹ ਪੀੜਤਾਂ ਲਈ ਸਹਾਇਤਾ ਫੰਡ ਦਿੱਤਾ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਬੈਨਰ ਹੇਠ ਗੁਰੂ ਹਰਿਗੋਬਿੰਦ ਥਰਮਲ ਪਲਾਂਟ ਦੇ ਠੇਕਾ ਮੁਲਾਜ਼ਮਾਂ ਵੱਲੋਂ ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰਕੇ ਠੇਕਾ ਮੁਲਾਜ਼ਮਾਂ ਨੂੰ ਪਾਵਰ ਕਾਰਪੋਰੇਸ਼ਨ ਵਿੱਚ ਪੱਕਾ ਕਰਨ ਦੀ ਮੰਗ ਨੂੰ ਲੈ ਕੇ ਕੀਤੀ ਜਾ ਰਹੀ ਤਿੰਨ ਰੋਜ਼ਾ ਹੜਤਾਲ ਅੱਜ ਵੀ ਜਾਰੀ ਰਹੀ। ਇਸ ਸਮੇਂ ਭਰਵੀਂ ਇਕੱਤਰਤਾ ਨੂੰ ਹੋਰਨਾਂ ਸਹਿਯੋਗੀ ਜਥੇਬੰਦੀਆਂ ਦੇ ਆਗੂਆਂ ਭਾਕਿਯੂ ਉਗਰਾਹਾਂ ਦੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ, ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ, ਲੋਕ ਮੋਰਚਾ ਪੰਜਾਬ ਦੇ ਸੂਬਾ ਸਕੱਤਰ ਜਗਮੇਲ ਸਿੰਘ, ਕਮੇਟੀ ਮੈਂਬਰ ਸੁਖਵਿੰਦਰ ਸਿੰਘ, ਡੀ ਟੀ ਐੱਫ ਦੇ ਜ਼ਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ, ਟੀ. ਐੱਸ. ਯੂ. ਦੇ ਸਰਕਲ ਪ੍ਰਧਾਨ ਹਰਜਿੰਦਰ ਸਿੰਘ ਤੇ ਟੀ ਐੱਸ ਯੂ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਪ੍ਰਧਾਨ ਅਮਰਜੀਤ ਸਿੰਘ ਮੰਗਲੀ ਆਦਿ ਨੇ ਸੰਬੋਧਨ ਕੀਤਾ। ਇਸ ਦੌਰਾਨ ਠੇਕਾ ਮੁਲਾਜ਼ਮ ਜਥੇਬੰਦੀ ਵੱਲੋਂ ਥਰਮਲ ਦੇ ਠੇਕਾ ਮੁਲਾਜ਼ਮਾਂ ਤੋਂ 'ਹੜ੍ਹ ਪੀੜਤਾਂ ਲਈ ਇਕੱਠਾ ਕੀਤਾ ਗਿਆ ਸਹਾਇਤਾ ਫੰਡ' 1 ਲੱਖ 36 ਹਜ਼ਾਰ 550 ਰੁਪਏ ਧਰਨੇ ਵਿੱਚ ਪਹੁੰਚੇ ਉਗਰਾਹਾਂ ਆਗੂਆਂ ਝੰਡਾ ਸਿੰਘ ਜੇਠੂਕੇ ਤੇ ਸ਼ਿੰਗਾਰਾ ਸਿੰਘ ਮਾਨ ਦੇ ਸਪੁਰਦ ਕੀਤਾ ਗਿਆ। ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਸੂਬਾਈ ਆਗੂਆਂ ਜਗਰੂਪ ਸਿੰਘ, ਜਗਸੀਰ ਸਿੰਘ ਭੰਗੂ, ਬਾਦਲ ਸਿੰਘ ਭੁੱਲਰ, ਬਲਜਿੰਦਰ ਸਿੰਘ ਮਾਨ, ਲਛਮਣ ਸਿੰਘ ਰਾਮਪੁਰਾ, ਹਰਦੀਪ ਸਿੰਘ ਤੱਗੜ ਤੇ ਅਵਤਾਰ ਸਿੰਘ ਬਠਿੰਡਾ ਨੇ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਰੱਦ ਕਰਨ, ਨਵੇਂ ਕਿਰਤ ਤੇ ਬਿਜਲੀ ਕਾਨੂੰਨਾਂ ਨੂੰ ਰੱਦ ਕਰਨ ਤੇ ਆਊਟਸੋਰਸਡ/ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਪਹਿਲ ਤੇ ਤਜਰਬੇ ਦੇ ਆਧਾਰ 'ਤੇ ਵਿਭਾਗਾਂ ਵਿੱਚ ਪੱਕਾ ਕਰਨ ਦੀ ਮੰਗ ਕੀਤੀ।

ਸ੍ਰੀ ਖਾਟੂ ਜੀ ਸ਼ਿਆਮ ਲਈ ਪਹਿਲੀ ਪੈਦਲ ਨਿਸ਼ਾਨ ਯਾਤਰਾ ਰਵਾਨਾ

ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਧੂਰੀ ਸ਼ਹਿਰ ਵਿੱਚ ਭਗਵਾਨ ਸ੍ਰੀ ਖਾਟੂ ਜੀ ਸ਼ਿਆਮ ਪ੍ਰਤੀ ਅਟੱਲ ਭਗਤੀ ਤੇ ਸ਼ਰਧਾ ਦਰਸਾਉਂਦੀ ਪਹਿਲੀ ਪੈਦਲ ਨਿਸ਼ਾਨ ਯਾਤਰਾ ਅੱਜ ਸ਼ਾਨਦਾਰ ਤਰੀਕੇ ਨਾਲ ਰਵਾਨਾ ਹੋਈ।ਸ੍ਰੀ ਸ਼ਿਆਮ ਦੇਵਾਯ ਨਮ: ਮੰਡਲ ਧੂਰੀ ਦੀ ਅਗਵਾਈ ਹੇਠ ਇਹ ਨਿਸ਼ਾਨ ਯਾਤਰਾ ਸ੍ਰੀ ਸਨਾਤਨ ਧਰਮ ਮੰਦਰ ਧੂਰੀ ਤੋਂ ਸ੍ਰੀ ਖਾਟੂ ਜੀ ਸ਼ਿਆਮ ਧਾਮ (ਰਾਜਸਥਾਨ) ਵੱਲ ਸ਼ਹਿਰ ਦੇ ਪ੍ਰਮੁੱਖ ਬਜ਼ਾਰਾਂ ਤੋਂ ਹੁੰਦੀ ਹੋਈ ਗੁਜ਼ਰੀ, ਜਿਸ ਦਾ ਨਿੱਘਾ ਤੇ ਭਾਵੁਕ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਭੂਸ਼ਨ ਗਰਗ ਨੇ ਕਿਹਾ ਕਿ ਇਹ ਪੈਦਲ ਨਿਸ਼ਾਨ ਯਾਤਰਾ ਧੂਰੀ ਸ਼ਹਿਰ ਵਿੱਚ ਪਹਿਲੀ ਵਾਰ ਇੰਨੀ ਵੱਡੀ ਗਿਣਤੀ ਵਿੱਚ ਕੱਢੀ ਜਾ ਰਹੀ ਹੈ ਅਤੇ ਇਹ ਭਗਤਾਂ ਦੀ ਡੂੰਘੀ ਆਸਥਾ ਦਾ ਪ੍ਰਤੀਕ ਹੈ।ਮੰਡਲ ਦੇ ਮੁੱਖ ਮੈਂਬਰਾਂ ਸੰਜੀਵ ਗਰਗ, ਤਰੁਣ ਕੁਮਾਰ, ਪੰਕਜ ਕੁਮਾਰ, ਸੁਨੀਲ ਕੁਮਾਰ ਤੇ ਸੰਜੀਵ ਗੋਇਲ ਵੱਲੋਂ ਵੀ ਯਾਤਰਾ ਦੀ ਤਿਆਰੀ ਵਿੱਚ ਅਹਿਮ ਯੋਗਦਾਨ ਪਾਇਆ ਗਿਆ।ਇਸ ਸ਼ੋਭਾ ਯਾਤਰਾ ਵਿੱਚ ਨਗਰ ਕੌਂਸਲ ਧੂਰੀ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ ਤੇ ਯੂਥ ਆਗੂ ਆਸ਼ੂ ਗੋਇਲ ਦੀ ਹਾਜ਼ਰੀ ਰਹੀ, ਜਿਨ੍ਹਾਂ ਨੇ ਪੈਦਲ ਭਗਤਾਂ ਨਾਲ ਕੁਝ ਦੂਰੀ ਤੱਕ ਚੱਲ ਕੇ ਸ੍ਰੀ ਖਾਟੂ ਜੀ ਸ਼ਿਆਮ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

ਪੰਜਾਬੀ 'ਵਰਸਿਟੀ ਨੇ ਅੰਤਰ-ਵਰਸਿਟੀ ਯੁਵਕ ਮੇਲੇ 'ਚ ਓਵਰ-ਆਲ ਦੂਜਾ ਸਥਾਨ ਹਾਸਲ ਕੀਤਾ

ਅੱਠ ਵੰਨਗੀਆਂ 'ਚ ਪਹਿਲਾ, 15 'ਚ ਦੂਜਾ ਤੇ 13 'ਚ ਤੀਜਾ ਸਥਾਨ ਪ੍ਰਾਪਤ ਕੀਤਾ

ਪਟਿਆਲਾ (ਰਾਜਿੰਦਰ ਸਿੰਘ ਬਿੰਦ)

ਪੰਜਾਬ ਸਰਕਾਰ ਦੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਕਰਵਾਏ ਗਏ ਪੰਜਾਬ ਸਟੇਟ ਅੰਤਰ-ਵਰਸਿਟੀ ਯੁਵਕ ਮੇਲੇ ਵਿੱਚ ਪੰਜਾਬੀ ਯੂਨੀਵਰਸਿਟੀ ਨੇ ਓਵਰ-ਆਲ ਦੂਜਾ ਸਥਾਨ ਹਾਸਲ ਕੀਤਾ ਹੈ। ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਨੂੰ ਇਸ ਪ੍ਰਾਪਤੀ ਉੱਤੇ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਗਈ।ਉਨ੍ਹਾਂ ਇਸ ਟਰਾਫ਼ੀ ਦਾ ਯੂਨੀਵਰਸਿਟੀ ਕੈਂਪਸ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਆਪਣੀਆਂ ਅਕਾਦਮਿਕ ਗਤੀਵਿਧੀਆਂ ਦੇ ਨਾਲ-ਨਾਲ ਸਹਿ-ਅਕਾਦਮਿਕ ਗਤੀਵਿਧੀਆਂ 'ਚ ਮਾਰੀਆਂ ਜਾਂਦੀਆਂ ਮੱਲਾਂ ਲਈ ਵੀ ਵਿਸ਼ੇਸ਼ ਤੌਰ 'ਤੇ ਜਾਣੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਜਿੱਥੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਸਮਰਥਾ ਨੂੰ ਦਰਸਾਉਂਦੀਆਂ ਹਨ, ਉਥੇ ਹੀ ਉਨ੍ਹਾਂ ਦੇ ਹੌਸਲੇ ਵਿੱਚ ਵਾਧਾ ਕਰਦਿਆਂ ਭਵਿੱਖ ਵਿੱਚ ਹੋਰ ਵੱਡੀਆਂ ਪ੍ਰਾਪਤੀਆਂ ਕਰਨ ਹਿੱਤ ਪ੍ਰੇਰਣਾ ਸਰੋਤ ਵੀ ਬਣਦੀਆਂ ਹਨ।ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਪ੍ਰੋ. ਭੀਮਇੰਦਰ ਸਿੰਘ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਯੁਵਕ ਮੇਲਾ 30 ਨਵੰਬਰ ਤੋਂ 3 ਦਸੰਬਰ 2025 ਤੱਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਹੋਇਆ।ਉਨ੍ਹਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਨੇ ਵੱਖ-ਵੱਖ ਕਲਾਤਮਕ ਵੰਨਗੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਅੱਠ ਵੰਨਗੀਆਂ ਵਿੱਚ ਪਹਿਲਾ ਸਥਾਨ, 15 ਵੰਨਗੀਆਂ ਵਿੱਚ ਦੂਜਾ ਸਥਾਨ ਤੇ 13 ਵੰਨਗੀਆਂ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।ਉਨ੍ਹਾਂ ਦੱਸਿਆ ਕਿ ਸਮੂਹਕ ਗਾਇਨ, ਮਾਈਮ, ਕਰੋਸ਼ੀਆ, ਖਿੱਦੋ ਬਣਾਉਣਾ, ਗ਼ਜ਼ਲ, ਕੋਲਾਜ ਸਿਰਜਣਾ, ਡਿਬੇਟ ਤੇ ਵਾਰ ਗਾਇਨ ਵਿੱਚ ਪਹਿਲਾ ਸਥਾਨ ਹਾਸਲ ਕੀਤਾ, ਜਦੋਂਕਿ ਸਕਿੱਟ, ਸ਼ਬਦ ਗਾਇਨ, ਭੰਡ, ਫੁਲਕਾਰੀ, ਪਰਾਂਦਾ, ਮਿੱਟੀ ਦੇ ਖਿਡੌਣੇ, ਟੋਕਰੀ, ਮੁਹਾਵਰੇ, ਸ਼ਾਰਟ ਫਿਲਮ, ਰੰਗੋਲੀ, ਨਾਟਕ, ਲੁੱਡੀ, ਗਤਕਾ, ਆਰਕੈਸਟਰਾ ਤੇ ਗਿੱਧੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੀਆਂ ਕਲਾਤਮਕ ਵਰਗੀਆਂ ਵਿੱਚ ਕਲਾਸੀਕਲ ਵੋਕਲ, ਵਿਰਾਸਤੀ ਕੁਇੰਜ਼, ਗੁੱਡੀਆਂ ਪਟੋਲੇ, ਛਿੱਕੂ, ਪੀੜ੍ਹੀ, ਇਨ੍ਹੂੰ, ਰੱਸੀ, ਲੋਕ ਗੀਤ, ਮੌਕੇ 'ਤੇ ਚਿੱਤਰਕਾਰੀ, ਕਲੀ ਗਾਇਨ, ਝੂਮਰ ਤੇ ਨੁੱਕੜ ਨਾਟਕ ਸ਼ਾਮਲ ਸਨ।

ਆਦਿਵਾਸੀਆਂ ਦੇ ਕਤਲੇਆਮ ਵਿਰੁੱਧ ਤੇ ਬੁੱਧੀਜੀਵੀਆਂ ਦੀ ਰਿਹਾਈ ਲਈ ਸੂਬਾਈ ਕਨਵੈਨਸ਼ਨ ਤੇ ਮੁਜ਼ਾਹਰਾ 7 ਨੂੰ

ਲੌਂਗੋਵਾਲ (ਪ੍ਰਦੀਪ ਸੱਪਲ)-ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਬਲਬੀਰ ਲੌਂਗੋਵਾਲ ਨੇ ਦੱਸਿਆ ਕਿ ਜਮਹੂਰੀ ਫਰੰਟ ਵੱਲੋਂ 7 ਦਸੰਬਰ ਨੂੰ ਸਵੇਰੇ 10.30 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਨੂੰ ਸਮਰਪਤ ਸੂਬਾਈ ਕਨਵੈਨਸ਼ਨ ਤੇ ਮੁਜ਼ਾਹਰਾ ਕੀਤਾ ਜਾ ਰਿਹਾ ਹੈ, ਜਿਸ ਵਿੱਚ ਮੁੱਖ ਵਕਤਾ ਜਮਹੂਰੀ ਤੇ ਮਨੁੱਖੀ ਹੱਕਾਂ ਦੇ ਉੱਘੇ ਘੁਲਾਟੀਏ ਪ੍ਰਸ਼ਾਂਤ ਰਾਹੀ, ਨਦੀਮ ਖ਼ਾਨ ਤੇ ਡਾ. ਨਵਸ਼ਰਨ ਹੋਣਗੇ।ਪੰਜਾਬ ਦੀਆਂ ਜਨਤਕ ਜਮਹੂਰੀ ਤਾਕਤਾਂ ਦਾ ਇਹ ਇਕੱਠ ਭਾਰਤੀ ਰਾਜ ਵੱਲੋਂ ਕਤਲੇਆਮ, ਜੇਲ੍ਹਬੰਦੀ ਤੇ ਝੂਠੇ ਕੇਸਾਂ ਰਾਹੀਂ ਜਮਹੂਰੀ ਤੇ ਮਨੁੱਖੀ ਹੱਕਾਂ ਦਾ ਕਰੂਰਤਾ ਨਾਲ ਘਾਣ ਕਰਨ ਦਾ ਗੰਭੀਰ ਨੋਟਿਸ ਲੈਂਦੇ ਹੋਏ ਇਸ ਵਿਰੁੱਧ ਜਨਤਕ ਜਮਹੂਰੀ ਆਵਾਜ਼ ਬੁਲੰਦ ਕਰਨ ਦਾ ਸੱਦਾ ਦੇਵੇਗਾ।ਇਹ ਇਕੱਠ ਜਿੱਥੇ ਜਲ, ਜੰਗਲ, ਜ਼ਮੀਨ ਦੀ ਰਾਖੀ ਲਈ ਜੂਝਦੇ ਆਦਿਵਾਸੀਆਂ ਤੇ ਮਾਓਵਾਦੀ ਇਨਕਲਾਬੀਆਂ ਦੇ ਕਤਲੇਆਮ ਦਾ ਵਿਰੋਧ ਕਰਦੇ ਹੋਏ ਓਪ੍ਰੇਸ਼ਨ ਕਗਾਰ ਤੇ ਹੋਰ ਨੀਮ-ਫ਼ੌਜੀ ਓਪ੍ਰੇਸ਼ਨ ਬੰਦ ਕਰਨ ਦੀ ਮੰਗ ਕਰੇਗਾ, ਉੱਥੇ ਨਾਲ ਹੀ 'ਸ਼ਹਿਰੀ ਨਕਸਲੀ' ਤੇ ਹੋਰ ਝੂਠੇ ਬਿਰਤਾਂਤਾਂ ਦੇ ਆਧਾਰ 'ਤੇ ਜੇਲ੍ਹਾਂ ਵਿੱਚ ਡੱਕੇ ਉਮਰ ਖ਼ਾਲਿਦ, ਗੁਲਫ਼ਿਸ਼ਾਂ ਫ਼ਾਤਿਮਾ ਸਮੇਤ ਸਮੂਹ ਲੋਕ-ਪੱਖੀ ਬੁੱਧੀਜੀਵੀਆਂ, ਜਮਹੂਰੀ ਕਾਰਕੁਨਾਂ ਤੇ ਪੂਰੇ ਦੇਸ਼ ਵਿੱਚ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਦੀ ਪੁਰਜ਼ੋਰ ਮੰਗ ਕਰੇਗਾ।ਫਰੰਟ ਆਗੂਆਂ ਨੇ ਦੱਸਿਆ ਕਿ ਸੂਬਾਈ ਇਕੱਤਰਤਾ ਦੀ ਕਾਮਯਾਬੀ ਲਈ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜਨਤਕ ਇਕੱਤਰਤਾਵਾਂ, ਵਿਚਾਰ-ਚਰਚਾਵਾਂ ਤੇ ਕਨਵੈਨਸ਼ਨਾਂ ਜਥੇਬੰਦ ਕਰਕੇ ਤੇ ਸੰਪਰਕ ਮੁਹਿੰਮ ਚਲਾ ਕੇ ਜ਼ੋਰਦਾਰ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ, ਵਕੀਲਾਂ, ਲੋਕ ਜਮਹੂਰੀ ਕਾਰਕੁਨਾਂ, ਤਰਕਸ਼ੀਲਾਂ ਸਮੇਤ ਸਮੂਹ ਇਨਸਾਫਪਸੰਦ ਤਾਕਤਾਂ ਨਾਲ ਸੰਪਰਕ ਕਰਕੇ ਇਸ ਫਾਸ਼ੀ ਹੱਲੇ ਵਿਰੁੱਧ ਸਾਂਝਾ ਹੰਭਲਾ ਮਾਰਨ ਲਈ ਸੂਬਾ ਕਨਵੈਨਸ਼ਨ ਵਿੱਚ ਹੁੰਮ-ਹੁਮਾ ਕੇ ਪਹੁੰਚਣ ਦਾ ਸੱਦਾ ਦਿੱਤਾ ਜਾ ਰਿਹਾ ਹੈ।

ਵਿਧਾਇਕ ਸੁਖਾਨੰਦ ਦੀ ਅਗਵਾਈ 'ਚ 'ਆਪ' ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ : ਸਰਪੰਚ ਲੱਖਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਪਿੰਡ ਚੰਨੂਵਾਲਾ ਵਿੱਚ ਆਮ ਆਦਮੀ ਪਾਰਟੀ ਨੂੰ ਮਜ਼ਬੂਤ ਸਮਰਥਨ ਮਿਲਦਾ ਹੋਇਆ ਦਿਖ ਰਿਹਾ ਹੈ।ਪਿੰਡ ਦੇ ਸਰਪੰਚ ਕੁਲਜੀਤ ਸਿੰਘ ਲੱਖਾ, ਮਾਸਟਰ ਬਲਜੀਤ ਸਿੰਘ ਤੇ ਗੁਰਵੀਰ ਸਿੰਘ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਦੇ ਮੌਜੂਦਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਲੋਕਪ੍ਰਿਅਤਾ, ਵਿਕਾਸ ਪ੍ਰਤੀ ਵਚਨਬੱਧਤਾ ਤੇ ਸਾਫ ਸਿਆਸਤ ਦੀ ਨੀਤੀ ਕਾਰਨ ਪਾਰਟੀ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਹਰ ਸੀਟ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ।ਆਗੂਆਂ ਨੇ ਕਿਹਾ ਕਿ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਹਲਕੇ ਵਿੱਚ ਬੇਮਿਸਾਲ ਵਿਕਾਸ ਕਾਰਜ ਕੀਤੇ ਹਨ, ਜਿਨ੍ਹਾਂ ਨਾਲ ਆਮ ਲੋਕਾਂ ਦਾ ਭਰੋਸਾ ਪਾਰਟੀ ਵੱਲ ਵਧਿਆ ਹੈ।ਪਿੰਡਾਂ ਵਿੱਚ ਪੀਣਯੋਗ ਪਾਣੀ, ਸੜਕਾਂ ਦੀ ਮੁਰੰਮਤ, ਬਿਜਲੀ ਸਹੂਲਤਾਂ, ਨੌਜਵਾਨਾਂ ਲਈ ਫੈਸਿਲਟੀ ਸੈਂਟਰ ਤੇ ਬਜ਼ੁਰਗਾਂ ਲਈ ਵੱਖ-ਵੱਖ ਸਮਾਜਿਕ ਯੋਜਨਾਵਾਂ ਦੇ ਲਾਭ ਲੋਕਾਂ ਤੱਕ ਪਹੁੰਚਾਉਣ ਲਈ ਵਿਧਾਇਕ ਵੱਲੋਂ ਕੀਤੇ ਜਤਨ ਉਲੇਖਣਯੋਗ ਹਨ।ਸਰਪੰਚ ਕੁਲਜੀਤ ਸਿੰਘ ਲੱਖਾ ਨੇ ਕਿਹਾ ਕਿ ਹਲਕੇ ਦੇ ਵੋਟਰ ਬਾਖੂਬੀ ਜਾਣਦੇ ਹਨ ਕਿ ਕਿਹੜੀ ਪਾਰਟੀ ਨੇ ਉਨ੍ਹਾਂ ਲਈ ਮੁਫ਼ਤ ਬਿਜਲੀ, ਵਧੀਆ ਸਿਹਤ ਸਹੂਲਤਾਂ, ਸਕੂਲਾਂ ਦੀ ਸੁਧਾਰ ਤੇ ਭ੍ਰਿਸ਼ਟਾਚਾਰ ਖ਼ਤਮ ਕਰਨ ਵੱਲ ਢੁੱਕਵੇਂ ਕਦਮ ਚੁੱਕੇ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਜਿਹੜੇ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਪੂਰਾ ਕਰਕੇ ਦਿਖਾਇਆ ਹੈ, ਜਿਸ ਕਰਕੇ ਲੋਕਾਂ ਵਿੱਚ ਪਾਰਟੀ ਲਈ ਵੱਡਾ ਜੋਸ਼ ਹੈ।ਮਾਸਟਰ ਬਲਜੀਤ ਸਿੰਘ ਨੇ ਕਿਹਾ ਕਿ ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ, ਤੇਜ਼ੀ ਤੇ ਸਹਿਯੋਗੀ ਸੁਭਾਅ ਕਾਰਨ ਆਪ ਵਿਧਾਇਕ ਨੇ ਲੋਕਾਂ ਦੇ ਦਿਲਾਂ ਵਿੱਚ ਖਾਸ ਥਾਂ ਬਣਾਈ ਹੈ।ਗੁਰਵੀਰ ਸਿੰਘ ਨੇ ਦੱਸਿਆ ਕਿ ਪਿੰਡ ਚੰਨੂਵਾਲਾ ਹੀ ਨਹੀਂ, ਸਗੋਂ ਪੂਰਾ ਹਲਕਾ ਆਪ ਵਿਧਾਇਕ ਸੁਖਾਨੰਦ ਦੀ ਅਗਵਾਈ 'ਤੇ ਭਰੋਸਾ ਕਰਦਾ ਹੈ ਤੇ ਆਉਣ ਵਾਲੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਪਾਰਟੀ ਨੂੰ ਇਤਿਹਾਸਕ ਜਿੱਤ ਮਿਲੇਗੀ।ਉਨ੍ਹਾਂ ਕਿਹਾ ਕਿ ਵਰਕਰ ਤੇ ਆਮ ਲੋਕ ਇਸ ਵਾਰ 100% ਸੀਟਾਂ ਆਪਣੇ ਨਾਮ ਕਰਨ ਲਈ ਪੂਰੀ ਤਿਆਰੀ ਵਿੱਚ ਹਨ।ਆਗੂਆਂ ਨੇ ਆਖਰੀ ਵਿੱਚ ਕਿਹਾ ਕਿ ਜਨਤਾ ਦੇ ਸਹਿਯੋਗ ਤੇ ਪਾਰਟੀ ਵਰਕਰਾਂ ਦੀ ਮਿਹਨਤ ਨਾਲ ਹਲਕੇ ਵਿੱਚ 'ਬੂਥ ਤੋਂ ਬੂਥ ਮਜ਼ਬੂਤੀ' ਦੀ ਮੁਹਿੰਮ ਚੱਲ ਰਹੀ ਹੈ, ਜੋ ਚੋਣ ਦੌਰਾਨ ਫਲ ਦੇਵੇਗੀ।

ਜੇਲ੍ਹਾਂ 'ਚ ਬੰਦ ਬੁੱਧੀਜੀਵੀਆਂ ਦੀ ਰਿਹਾਈ ਲਈ ਮੁਹਿੰਮ ਤੇਜ਼

ਭਲਕੇ ਜਲੰਧਰ 'ਚ ਜ਼ੋਰਦਾਰ ਕਨਵੈਨਸ਼ਨ

ਲੁਧਿਆਣਾ (ਰੈਕਟਰ ਕਥੂਰੀਆ)-ਕੌਮਾਂਤਰੀ ਮਨੁੱਖ ਅਧਿਕਾਰ ਦਿਵਸ ਨੂੰ ਸਮਰਪਤ ਜੇਲ੍ਹੀਂ ਡੱਕੇ ਬੁੱਧੀਜੀਵੀਆਂ/ਜਮਹੂਰੀ ਕਾਰਕੁਨਾਂ ਤੇ ਪੂਰੇ ਦੇਸ਼ ਵਿੱਚ ਸਜ਼ਾ ਪੂਰੀ ਕਰ ਚੁੱਕੇ ਤੇ ਵਿਚਾਰ ਅਧੀਨ ਕੈਦੀਆਂ ਦੀ ਰਿਹਾਈ ਲਈ 7 ਦਸੰਬਰ ਸਵੇਰੇ 10.30 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸੂਬਾਈ ਕਨਵੈਨਸ਼ਨ ਤੇ ਮੁਜ਼ਾਹਰਾ ਕੀਤਾ ਜਾਵੇਗਾ।ਬੀਤੇ ਦਿਨੀਂ ਪੰਜਾਬੀ ਭਵਨ ਲੁਧਿਆਣਾ ਵਿਖੇ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰ ਪ੍ਰੋ ਏ ਕੇ ਮਲੇਰੀ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਹੋਈ, ਜਿਸ ਵਿੱਚ ਡਾਕਟਰ ਹਰਬੰਸ ਗਰੇਵਾਲ, ਜਸਵੰਤ ਜੀਰਖ, ਹਰੀਸ਼ ਪੱਖੋਵਾਲ, ਹਰਪ੍ਰੀਤ ਜੀਰਖ, ਸਤੀਸ਼ ਸਚਦੇਵਾ ਸ਼ਾਮਲ ਹੋਏ।ਮੀਟਿੰਗ ਵਿੱਚ ਸਾਰੇ ਸਾਥੀਆਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਦੇਸ਼ ਦੇ ਹਾਕਮਾਂ ਵੱਲੋਂ ਦੇਸ਼ ਪੱਧਰ ਦੇ ਲੋਕਪੱਖੀ, ਬੁੱਧੀਜੀਵੀਆਂ, ਵਿਦਵਾਨਾਂ, ਲੇਖਕਾਂ, ਸਾਹਿਤ

6- DEC - Page - 7.qxd 12/5/2025 10:34 PM Page 1

ਗਰੀਬ ਮਜ਼ਦੂਰ ਬਸਤੀ ਵਾਲਿਆਂ ਨੇ ਲਗਾਇਆ ਧਰਨਾ

ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਪਿਛਲੇ ਦਿਨੀਂ 21 ਨੰਬਰ ਵਾਰਡ ਮਜ਼ਦੂਰ ਬਸਤੀ ਸਟੇਡੀਅਮ ਰੋਡ ਨਵੀਂ ਅਨਾਜ ਮੰਡੀ ਸੁਨਾਮ ਦੇ ਗਰੀਬ ਪਰਵਾਰਾਂ ਦੀ ਠੇਕੇਦਾਰਾਂ ਵੱਲੋਂ ਕੀਤੀ ਕੁੱਟਮਾਰ ਤੇ ਗੁੰਡਾਗਰਦੀ ਨੂੰ ਰੋਕਣ ਲਈ ਅਤੇ ਪੁਲਸ ਕਾਰਵਾਈ ਕਰਾਉਣ ਲਈ ਮਜ਼ਦੂਰ ਮੁਕਤੀ ਮੋਰਚਾ ਦੀ ਅਗਵਾਈ ਹੇਠ ਪੁਲਸ ਚੌਕੀ ਅਨਾਜ ਮੰਡੀ ਸੁਨਾਮ ਵਿਖੇ ਰੋਸ ਧਰਨਾ ਦਿੱਤਾ ਗਿਆ। ਮਜ਼ਦੂਰਾਂ ਵੱਲੋਂ ਪੁਲਸ ਤੇ ਪੰਜਾਬ ਸਰਕਾਰ ਠੇਕੇਦਾਰਾਂ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਤੇ ਲਿਬਰੇਸ਼ਨ ਦੇ ਆਗੂ ਕਾਮਰੇਡ ਬਿੱਟੂ ਸਿੰਘ ਖੋਖਰ, ਤਹਿਸੀਲ ਪ੍ਰਧਾਨ ਧਰਮਾ ਸਿੰਘ ਸੁਨਾਮ ਨੇ ਦੱਸਿਆ ਕਿ ਸੁਨਾਮ ਦੇ ਠੇਕੇਦਾਰ ਵੱਲੋਂ ਨਜਾਇਜ਼ ਸ਼ਰਾਬ ਦੀ ਵਿਕਰੀ ਦੀ ਆੜ ਹੇਠ ਸਾਡੇ ਘਰਾਂ ਅੱਗੇ ਰਾਤ ਸਮੰ ਖੜਦੇ ਹਨ ਤੇ ਪਿਛਲੇ ਦਿਨੀਂ ਮੇਰਾ ਜੀਜਾ ਦਾਰਾ ਸਿੰਘ ਪੁੱਤਰ ਕਰਨੈਲ ਸਿੰਘ ਰਵੀ ਪੁੱਤਰ ਦਾਰਾ ਸਿੰਘ ਮਨੀ ਪੁੱਤਰ ਕਾਲਾ ਸਿੰਘ ਦੀ ਠੇਕੇਦਾਰਾਂ ਵੱਲੋਂ ਬੇਰਹਿਮੀ ਨਾਲ ਕੁੱਟ ਮਾਰ ਕੀਤੀ ਗਈ, ਜੋ ਸਿਵਲ ਹਸਪਤਾਲ ਸੁਨਾਮ ਵਿਖੇ ਦਾਖਲ ਹਨ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ 5 ਦਿਨ ਬੀਤ ਜਾਣ ਦੇ ਬਾਵਜੂਦ ਹੁਣ ਤੱਕ ਕੋਈ ਬਿਆਨ ਤੱਕ ਨਹੀਂ ਲਿਖਿਆ, ਜਿਸ ਕਰਕੇ ਸਾਨੂੰ ਧਰਨਾ ਲਾਉਣ ਲਈ ਮਜਬੂਰ ਹੋਣਾ ਪਿਆ। ਆਗੂਆਂ ਨੇ ਮੰਗ ਕੀਤੀ ਕਿ ਠੇਕੇਦਾਰਾਂ 'ਤੇ ਸਖਤ ਤੋਂ ਸਖਤ ਕਾਰਵਾਈ ਤੇ ਐੱਸ ਸੀ ਐਕਟ ਅਧੀਨ ਕੇਸ ਦਰਜ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਉਨ੍ਹਾਂ ਏ ਵੀ ਕਿਹਾ ਕਿ ਪੀੜਤਾਂ ਨੂੰ ਇਨਸਾਫ਼ ਦਿਵਾਉਣ ਤੱਕ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਬਲਵੀਰ ਕੌਰ, ਰੋਡੀ ਕੌਰ, ਬੱਬੀ ਸਿੰਘ, ਰਾਜਾ ਸਿੰਘ ਆਦਿ ਹਾਜ਼ਰ ਸਨ।

ਜ਼ਿਲ੍ਹਾ ਪ੍ਰੀਸ਼ਦ ਲਈ 114 ਤੇ ਪੰਚਾਇਤ ਸੰਮਤੀਆਂ ਲਈ 745 ਨਾਮਜ਼ਦਗੀਆਂ ਦਾਖ਼ਲ

ਜਲੰਧਰ (ਸੁਰਿੰਦਰ ਕੁਮਾਰ)-ਚੋਣਾਂ ਦੇ ਸਬੰਧ ਵਿੱਚ ਜ਼ਿਲ੍ਹਾ ਚੋਣ ਅਧਿਕਾਰੀ ਵੱਲੋ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਜ਼ਿਲ੍ਹਾ ਜਲੰਧਰ ਵਿੱਚ 14 ਦਸੰਬਰ ਨੂੰ ਕਰਵਾਈਆਂ ਜਾਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਦੇ 21 ਅਤੇ 11 ਪੰਚਾਇਤ ਸੰਮਤੀਆਂ ਦੇ 188 ਜ਼ੋਨਾਂ ਦੀਆਂ ਚੋਣਾਂ ਲਈ ਨਾਮਜ਼ਦਗੀਆਂ ਪ੍ਰਾਪਤ ਕਰਨ ਦੇ ਆਖਰੀ ਦਿਨ ਤੱਕ ਜ਼ਿਲ੍ਹਾ ਪ੍ਰੀਸ਼ਦ ਲਈ ਕੁੱਲ 114 ਅਤੇ ਪੰਚਾਇਤ ਸੰਮਤੀਆਂ ਲਈ ਕੁੱਲ 745 ਨਾਮਜ਼ਦਗੀਆਂ ਦਾਖ਼ਲ ਹੋਈਆਂ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਲਈ ਕੁੱਲ 114 ਨਾਮਜ਼ਦਗੀ ਪੱਤਰ ਦਾਖ਼ਲ ਹੋਏ ਹਨ ਜਦਕਿ ਪੰਚਾਇਤ ਸੰਮਤੀ ਰੁੜਕਾਂ ਕਲਾ ਲਈ ਕੁੱਲ 56, ਪੰਚਾਇਤ ਸੰਮਤੀ ਜਲੰਧਰ ਪੂਰਬੀ ਲਈ 64, ਪੰਚਾਇਤ ਸੰਮਤੀ ਜਲੰਧਰ ਪੱਛਮੀ ਲਈ 66, ਪੰਚਾਇਤ ਸੰਮਤੀ ਨੂਰਮਹਿਲ ਲਈ 68, ਪੰਚਾਇਤ ਸੰਮਤੀ ਲੋਹੀਆਂ ਖਾਸ ਲਈ 46, ਪੰਚਾਇਤ ਸੰਮਤੀ ਸ਼ਾਹਕੋਟ ਲਈ 73, ਪੰਚਾਇਤ ਸੰਮਤੀ ਨਕੋਦਰ ਲਈ 79, ਪੰਚਾਇਤ ਸੰਮਤੀ ਮਹਿਤਪੁਰ ਲਈ 56, ਪੰਚਾਇਤ ਸੰਮਤੀ ਆਦਮਪੁਰ ਲਈ 85, ਪੰਚਾਇਤ ਸੰਮਤੀ ਭੋਗਪੁਰ ਲਈ 64 ਅਤੇ ਪੰਚਾਇਤ ਸੰਮਤੀ ਫਿਲੌਰ ਲਈ ਕੁੱਲ 88 ਨਾਮਜ਼ਦਗੀਆਂ ਦਾਖ਼ਲ ਹੋਈਆਂ ਹਨ।ਡਾ. ਅਗਰਵਾਲ ਨੇ ਦੱਸਿਆ ਕਿ ਨਾਮਜ਼ਦਗੀਆਂ 6 ਦਸੰਬਰ ਸ਼ਾਮ 3 ਵਜੇ ਤੱਕ ਵਾਪਸ ਲਈਆਂ ਜਾ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਵੋਟਾਂ 14 ਦਸੰਬਰ ਨੂੰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਵੋਟਾ ਪੈਣਗੀਆਂ ਅਤੇ ਗਿਣਤੀ 17 ਦਸੰਬਰ ਨੂੰ ਸਵੇਰੇ 8 ਵਜੇ ਤੋਂ ਹੋਵੇਗੀ।

ਉੱਤਰ ਰੇਲਵੇ

ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਜਾਂਦੀ ਹੈ:

ਨੀਲਾਮੀ ਸੂਚੀ ਨੰ:	ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ	ਕੰਮ ਦਾ ਨਾਮ
EAFZR-DLock-01	22/12/2025 को 11.00 Hrs.	ਫ਼ਿਰੋਜਪੁਰ ਡਵੀਜਨ ਦੇ ਜਲੰਧਰ ਕੈਂਟ, ਜਲੰਧਰ ਸਿਟੀ, ਫ਼ਿਰੋਜ਼ਪੁਰ ਕੈਂਟ, ਲੁਧਿਆਣਾ ਅਤੇ ਅੰਮ੍ਰਿਤਸਰ ਰੇਲਵੇ ਸਟੇਸ਼ਨਾਂ ਉਤੇ ਡਿਜੀਟਲ ਸਟੋਰੇਜ ਲਾਕਰਸ ਦੀ ਸਥਾਪਨਾ, ਰੱਖ-ਰੱਖਾਵ ਅਤੇ ਸੰਚਾਲਨ ਦੇ ਲਈ (03) ਸਾਲਾਂ ਦੀ ਸਮੇਂ ਦੇ ਲਈ ਅਨੁਬੰਧ।

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੇਂਬਸਾਈਟ www.ireps.gov.in ਉਤੇ ਜਾਉ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3783/25

ਉੱਤਰ ਰੇਲਵੇ

ਈ-ਟੈਂਡਰ ਸੂਚਨਾ

ਬੰਦ ਹੋਣ ਦੀ ਮਿਤੀ/ਸਮਾਂ: 26.12.2025 ਨੂੰ 15:00 ਵਜੇ

ਸੀਨੀਅਰ ਡਵੀਜਨ ਸਾਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫ਼ਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਟੈਂਡਰ ਨੰ: 433-ਸਿੰਗ-ਟੀ-60-25-26 ਈ-ਟੈਂਡਰਿੰਗ ਦੁਆਰਾ ਤੋਂ ਮਿਤੀ 26.12.2025 ਨੂੰ 15.00 ਵਜੇ ਤਕ https://www.ireps.gov.in ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮਾਂ ਕਰਵਾਏ। ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਵਾਰਾ ਟੈਂਡਰ ਡਾਕਯੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਆਦਿ ਦੁਵਾਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਦੁਵਾਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

ਕੰਮ ਦਾ ਨਾਮ	i) ਫ਼ਿਰੋਜ਼ਪੁਰ ਮੰਡਲ ਉਤੇ ਧਾਤੂ ਪੁਲਾਂ ਉਤੇ ਦੋਹਰੀ ਐਸਐਸਈਈਸੀ ਦਾ ਪ੍ਰਾਵਧਾਨ। ii) ਏਫਟ੍ਰਾਨਿਕਸ ਦਾ ਪੂਰਾ ਸਲਾਨਾ ਰੱਖ-ਰੱਖਾਵ ਅਨੁਬੰਧ (ਏਐਮਸੀ) ਫ਼ਿਰੋਜ਼ਪੁਰ ਡਵੀਜਨ ਵਿਚ ਤਿੰਨ (03) ਸਾਲਾਂ ਦੇ ਲਈ 3 ਬਲਾਕ ਸਟੇਸ਼ਨਾਂ (ਐਸਸੀਪੀਡੀ-ਐਲਡਬਲਯੂਐਲ, ਏਡਬਲਯੂ- ਕੇਕੇਐਲ ਅਤੇ ਕੇਕੇਐਲ-ਬੀਪੀਆਰਐਸ) ਦਾ ਐਸਐਸਬੀਪੀਏਸੀ ਬਣਾਦਾ ਹੇ। iii) ਸੀਟੀਆਰ (ਪੀ) ਦੇ ਨਾਲ ਐਸਐਂਡਟੀ ਕੰਮ, ਮੌਜੂਦਾ ਟ੍ਰੈਕ ਦੀ 0.65 ਕਿਮੀ ਅਪ ਲੂਪ ਲਾਇਨ, ਐਮ+7 ਘਨਤਵ ਦੇ ਨਾਲ ਪੀਐਸਸੀ-5 ਸਲੀਪਰਾਂ ਉਤੇ 52 ਕਿਲੋਗ੍ਰਾਮ ਦੀ ਪਟਰੀਆਂ ਵਿਛਾਈ ਗਈ, ਨਾਲ ਹੀ ਡੀਈਐਨ-III / ਐਫਜੇਡਆਰ ਦੇ ਤਹਿਤ ਜੇਯੂਸੀ-ਏਐਸਆਰ ਖੰਡ ਉਤੇ ਬਯਾਸ ਵਿਚ ਐਮ+8 ਘਨਤਵ ਦੇ ਨਾਲ ਪੀਐਸਸੀ-6 ਸਲੀਪਰਾਂ ਉਤੇ 60 ਕਿਲੋਗ੍ਰਾਮ 90 ਯੂਟੀਐਸ ਨਵੀ ਪਟਰੀਯਾਂ ਪ੍ਰਸਤਾਵਿਤ ਹੈ। iv) ਐਸ ਐਂਡ ਟੀ ਦੇ ਸਬੰਧ ਵਿਚ (1) ਜੇਯੂਸੀ-ਏਐਸਆਰ ਖੰਡ ਉਤੇ ਮਾਨਵਯੁਕਤ ਲੇਵਲ ਕਰੋਸਿੰਗ ਨੰਬਰ ਸੀ-34 ਉਤੇ ਆਂਤਰਿਕ ਆਕਾਰ 5.0 * 5.0 ਮੀਟਰ ਦੇ ਐਲਐਸੇਜ ਦਾ ਨਿਰਮਾਣ ਏਡੀਈਐਨ-II /ਏਐਸਆਰ ਦੇ ਤਹਿਤ ਖੰਡ ਵਿਚ ਪੁਸ਼ਿੰਗ ਵਿਧੀ ਦੁਵਾਰਾ (2) ਏਐਸਆਰ-ਕੇਏਐਮਕੇ ਖੰਡ ਉਤੇ ਮਾਨਵਯੁਕਤ ਲੇਵਲ ਕਰੋਸਿੰਗ ਨੰਬਰ ਸੀ-39 ਉਤੇ ਆਂਤਰਿਕ ਆਕਾਰ 5.0 * 5.0 ਮੀਟਰ ਦੇ ਐਲਐਚਐਸ ਦਾ ਨਿਰਮਾਣ ਏਡੀਈਐਨ-II /ਏਐਸਆਰ ਖੰਡ ਵਿਚ ਪੁਸ਼ਿੰਗ ਵਿਧੀ ਦੁਵਾਰਾ (3) ਏਐਸਆਰ-ਕੇਏਐਮਕੇ ਖੰਡ ਉਤੇ ਮਾਨਵਯੁਕਤ ਲੇਵਲ ਕਰੋਸਿੰਗ ਨੰਬਰ ਸੀ-64 ਉਤੇ ਆਂਤਰਿਕ ਆਕਾਰ 5.0 * 5.0 ਮੀਟਰ ਦੇ ਐਲਐਚਐਸ ਦਾ ਨਿਰਮਾਣ ਏਡੀਈਐਨ-II /ਏਐਸਆਰ ਖੰਡ ਵਿਚ ਪੁਸ਼ਿੰਗ ਵਿਧੀ ਦੁਵਾਰਾ (4) ਏਐਸਆਰ-ਕੇਏਐਮਕੇ ਖੰਡ ਉਤੇ ਮਾਨਵਯੁਕਤ ਲੇਵਲ ਕਰੋਸਿੰਗ ਨੰਬਰ ਸੀ-18 ਉਤੇ ਆਂਤਰਿਕ ਆਕਾਰ 5.0 * 5.0 ਮੀਟਰ ਦੇ ਐਲਐਚਐਸ ਦਾ ਨਿਰਮਾਣ-ਦੁਸਰੀ/ਏਐਸਆਰ ਦੇ ਤਹਿਤ ਖੰਡ ਵਿਚ ਪੁਸ਼ਿੰਗ ਦੁਵਾਰਾ (5) ਨਿਰਮਾਣ ਏਐਸਆਰ-ਕੇਏਐਮਕੇ ਖੰਡ ਉਤੇ ਮਾਨਵਯੁਕਤ ਲੇਵਲ ਕਰੋਸਿੰਗ ਨੰਬਰ ਸੀ-16 ਉਤੇ ਆਂਤਰਿਕ ਆਕਾਰ 5.0 * 5.0 ਮੀਟਰ ਦੇ ਐਲਐਚਐਸ ਦਾ ਨਿਰਮਾਣ ਏਡੀਈਐਨ-II /ਏਐਸਆਰ ਖੰਡ ਵਿਚ ਪੁਸ਼ਿੰਗ ਵਿਧੀ ਦੁਵਾਰਾ (6) ਏਡੀਈਐਨ-2/ਏਐਸਆਰ ਦੇ ਤਹਿਤ ਅਨੁਭਾਗ ਵਿਚ ਪੁਸ਼ਿੰਗ ਦੁਵਾਰਾ ਵਿਧੀ ਦੁਵਾਰਾ ਜੇਯੂਸੀ-ਏਐਸਆਰ ਖੰਡ ਉਤੇ ਮਾਨਵਯੁਕਤ ਲੇਵਲ ਕਰੋਸਿੰਗ ਨੰਬਰ ਸੀ-40 ਉਤੇ ਆਂਤਰਿਕ ਆਕਾਰ 5.0 * 5.0 ਮੀਟਰ ਦੇ ਐਲਐਚਐਸ ਦਾ ਨਿਰਮਾਣ

ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ	(i)26/12/2025 15:00 (ii)26/12/2025 15:00 (iii)29/12/2025 15:00 (iv)26/12/2025 15:00	ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ	(i) 04/12/2025 17:51 (ii)04/12/2025 17:49 (iii)04/12/2025 18:24 (iv)04/12/2025 18:23
ਅਨੁਮਾਨਿਤ ਕੀਮਤ	(i)14672959.90 (ii)988219.44 (iii)2891299.67 (iv)5089538.23	ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ)	(i) 12/12/2025 (ii) 12/12/2025 (iii)15/12/2025 (iv) 12/12/2025
ਬਿਆਨਾ ਰਾਸ਼ੀ (ਰੁ:)	(1)223400.00 (ii)19800.00 (iii)57800.00 (iv)101800.00	ਕੰਮ ਪੂਰਾ ਕਰਨ ਦਾ ਸਮਾਂ	12 Months 36 Months 03 Months 06 Months

ਨੋਟ : ਟੈਂਡਰਕਰਤਾ ਨਿਯਮਿਤ ਰੂਪ ਤੋਂ ਵੇਂਬਸਾਈਟ ਦੇ ਸੰਪਰਕ ਵਿਚ ਰਹਿਕੇ ਟੈਂਡਰ ਸੰਸ਼ੋਧਨਾਂ, ਸ਼ੁੱਧੀਪੱਤਰ ਆਦਿ ਬਾਰੇ ਵਿਚ ਖੁਦ ਨੂੰ ਅਪਡੇਟ ਰੱਖੇ। **ਨੰ: 433-ਸਿਗ-ਟੀ-60-25-26 ਮਿਤੀ : 05.12.2025**

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3784/25

ਪੰਚਾਇਤ ਸੰਮਤੀ ਚੋਣਾਂ

11 ਨਾਮਜ਼ਦਗੀਆਂ ਅਯੋਗ ਕਰਾਰ, 310 ਉਮੀਦਵਾਰ ਚੋਣ ਲੜਨ ਲਈ ਯੋਗ ਪਾਏ

ਮੋਹਾਲੀ (ਗੁਰਜੀਤ ਬਿੱਲਾ)-ਜ਼ਿਲ੍ਹੇ ਵਿੱਚ ਪੰਚਾਇਤ ਸੰਮਤੀ ਚੋਣਾਂ ਦੇ ਚੱਲ ਰਹੇ ਅਮਲ ਦੌਰਾਨ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਬਾਅਦ 11 ਨਾਮਜ਼ਦਗੀਆਂ ਅਯੋਗ ਪਾਈਆਂ ਗਈਆਂ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫ਼ਸਰ ਸ੍ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਪੜਤਾਲ ਉਪਰੰਤ 310 ਉਮੀਦਵਾਰ ਚੋਣ ਲੜਨ ਲਈ ਯੋਗ ਪਾਏ ਗਏ ਹਨ।ਉਨ੍ਹਾਂ ਦੱਸਿਆ ਕਿ ਪੰਚਾਇਤ ਸੰਮਤੀ ਡੇਰਾਬੱਸੀ ਦੇ 22 ਜ਼ੋਨਾਂ ਲਈ ਪ੍ਰਾਪਤ ਹੋਈਆਂ ਕੁੱਲ 149 ਨਾਮਜਦਗੀਆਂ ਵਿੱਚੋਂ ਪੜਤਾਲ ਦੌਰਾਨ ਛੇ ਨਾਮਜਦਗੀਆਂ ਆਯੋਗ ਕਰਾਰ ਦਿੱਤੇ ਜਾਣ ਬਾਅਦ 143 ਨਾਮਜਦਗੀਆਂ ਸਹੀ ਪਾਈਆਂ ਗਈਆਂ ਹਨ।ਇਸੇ ਤਰ੍ਹਾਂ ਪੰਚਾਇਤ ਸੰਮਤੀ ਖਰੜ ਦੇ 15 ਜ਼ੋਨਾਂ ਲਈ ਪ੍ਰਾਪਤ ਹੋਈਆਂ ਕੁਲ 78 ਨਾਮਜਦਗੀਆਂ ਵਿੱਚੋਂ, ਅੱਜ ਪੜਤਾਲ ਉਪਰੰਤ 5 ਨਾਮਜ਼ਦਗੀਆਂ ਆਯੋਗ ਕਰਾਰ ਦਿੱਤੀਆਂ ਗਈਆਂ। ਪੰਚਾਇਤ ਸੰਮਤੀ ਖਰੜ ਵਿੱਚ ਹੁਣ ਯੋਗ ਉਮੀਦਵਾਰਾਂ ਦੀ ਗਿਣਤੀ 73 ਰਹਿ ਗਈ ਹੈ।ਪੰਚਾਇਤ ਸੰਮਤੀ ਮਾਜਰੀ ਦੇ 15 ਜ਼ੋਨਾਂ ਲਈ ਪ੍ਰਾਪਤ ਹੋਈਆਂ 94 ਨਾਮਜ਼ਦਗੀਆਂ ਵਿੱਚੋਂ ਅੱਜ ਪੜਤਾਲ ਉਪਰੰਤ ਸਾਰੀਆਂ ਹੀ ਯੋਗ ਪਾਈਆਂ ਗਈਆਂ।ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਸ਼੍ਰੀਮਤੀ ਕੋਮਲ ਮਿੱਤਲ ਅਨੁਸਾਰ 6 ਦਸੰਬਰ ਨਾਮਜ਼ਦਗੀ ਅਮਲ ਵਿੱਚੋਂ ਨਾਂਅ ਵਾਪਸ ਲੈਣ ਦਾ ਆਖਰੀ ਦਿਨ ਹੋਵੇਗਾ।

ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਮਲਕੀਤ ਸਿੰਘ, ਸਬ ਰਜਿਸਟਰਾਰ, ਮਾਨਸਾ।

ਵਿਸ਼ਾ: ਮੁਤਵਫੀ ਅਜੈਬ ਸਿੰਘ ਪੁੱਤਰ ਮੇਹਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਤਾਮਕੋਟ, ਤਹਿਸੀਲ ਵਾ ਜ਼ਿਲ੍ਹਾ ਮਾਨਸਾ ਵੱਲੋਂ ਲਿਖੀ ਖਾਨਗੀ ਵਸੀਅਤ ਮਿਤੀ 09.12.2023 ਨੂੰ ਰਜਿਸਟਰਡ ਕਰਨ ਬਾਰੇ।

ਨੋਟਿਸ ਬਨਾਮ ਆਮ ਜਨਤਾ

ਮਨਜੀਤ ਸਿੰਘ ਪੁੱਤਰ ਅਜੈਬ ਸਿੰਘ ਪੁੱਤਰ ਮੇਹਰ ਸਿੰਘ ਵਾਸੀ ਤਾਮਕੋਟ, ਤਹਿਸੀਲ ਵਾ ਜ਼ਿਲ੍ਹਾ ਮਾਨਸਾ ਨੇ ਇਕ ਦਰਖਾਸਤ ਮਿਤੀ 17.11.2025 ਨੂੰ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਵਿਸ਼ਾ ਅਧੀਨ ਮੁਤਵਫੀ ਅਜੈਬ ਸਿੰਘ ਪੁੱਤਰ ਮੇਹਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਤਾਮਕੋਟ, ਤਹਿਸੀਲ ਵਾ ਜ਼ਿਲ੍ਹਾ ਮਾਨਸਾ ਵੱਲੋਂ ਉਸ ਦੇ ਹੱਕ ਵਿੱਚ ਜਾਇਦਾਦ ਸੰਬੰਧੀ ਲਿਖੀ ਗਈ ਵਸੀਅਤ ਖਾਨਗੀ ਮਿਤੀ 09.12.2023 ਨੂੰ ਰਜਿਸਟਰਡ ਕੀਤਾ ਜਾਵੇ। ਮੁਤਵਫੀ ਦੇ ਅਨੁਸਾਰ ਉਨ੍ਹਾਂ ਦੇ ਫੌਤ ਹੋ ਜਾਣ ਤੋਂ ਬਾਅਦ ਉਨ੍ਹਾਂ ਦੀ ਕੁੱਲ ਜਾਇਦਾਦ ਜਿਥੇ ਕਿਤੇ ਵੀ ਉਹ ਛੱਡ ਕਿ ਮਰੇ, ਉਸ ਦੇ ਮਰਨ ਤੋਂ ਬਾਅਦ ਉਸ ਦਾ ਮਾਲਕ ਉਸ ਦਾ ਪੁੱਤਰ ਮਨਜੀਤ ਸਿੰਘ ਹੋਵੇਗਾ।

ਮੁਤਾਬਿਕ ਖਾਨਗੀ ਵਸੀਅਤ ਮੁਤਵਫੀ ਦੇ 1 ਲੜਕਾ ਅਤੇ 2 ਲੜਕੀਆਂ ਹਨ। ਮੁਤਵਫੀ ਦੇ ਅਨੁਸਾਰ ਉਸ ਨੇ ਆਪਣੀਆਂ ਲੜਕੀਆਂ ਦੀ ਸ਼ਾਦੀ ਕਰ ਦਿੱਤੀ ਹੈ, ਜੋ ਕਿ ਆਪਣੇ ਘਰ ਵਿੱਚ ਸੁਖੀ ਹਨ, ਜਿਸ ਦਾ ਉਸ ਦੀ ਜਾਇਦਾਦ ਵਿੱਚ ਹੁਣ ਹੋਰ ਕੋਈ ਹੱਕੀ ਜੱਦੀ ਤਾਲੂਕ ਵਾਸਤਾ ਨਹੀਂ ਹੈ। ਪਤਨੀ ਪਾਸ ਕਾਫੀ ਨਕਦੀ ਤੇ ਜੇਵਰਾਤ ਹਨ ਜਿਸ ਨਾਲ ਉਹ ਆਪਣਾ ਗੁਜ਼ਾਰਾ ਕਰ ਸਕਦੀ ਹੈ। ਉਨ੍ਹਾਂ ਦੀ ਲਿਖਤ ਦੇ ਅਨੁਸਾਰ ਉਨ੍ਹਾਂ ਦਾ ਪੁੱਤਰ ਹੀ ਉਨ੍ਹਾਂ ਦੀ ਜਾਇਦਾਦ ਤੇ ਮਾਲਕ ਵਾ ਕਾਬਜ਼ ਹੋਣਗੇ। ਮਨਜੀਤ ਸਿੰਘ ਵੱਲੋਂ ਪੇਸ਼ ਕੀਤੇ ਗਏ ਮੌਤ ਸਰਟੀਫਿਕੇਟ ਦੇ ਅਨੁਸਾਰ ਅਜੈਬ ਸਿੰਘ ਪੁੱਤਰ ਮੇਹਰ ਸਿੰਘ, ਵਾਸੀ ਤਾਮਕੋਟ, ਮਾਨਸਾ ਦੀ ਮੌਤ ਮਿਤ

6-Dec-PAGE--8.qxd 12/5/2025 10:42 PM Page 1

ਮੀਤ ਹੇਅਰ ਨੇ ਹਰਸਿਮਰਤ ਬਾਦਲ ਦੀ ਕੀਤੀ ਨਿੰਦਾ

ਕਿਹਾ- ਜਿਨ੍ਹਾਂ ਨੇ ਚਿੱਟਾ ਪੰਜਾਬ ਲਿਆਂਦਾ, ਉਨ੍ਹਾਂ ਨੂੰ ਨਸ਼ਿਆਂ 'ਤੇ ਭਾਸ਼ਣ ਦੇਣ ਦਾ ਕੋਈ ਅਧਿਕਾਰ ਨਹੀਂ

ਨਵੀਂ ਦਿੱਲੀ/ਚੰਡੀਗੜ੍ਹ : ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਸੰਸਦ ਦੇ ਸੈਸ਼ਨ ਤੋਂ ਬਾਅਦ ਇੱਕ ਸਖ਼ਤ ਬਿਆਨ ਜਾਰੀ ਕਰਦਿਆਂ ਚੇਤਾਵਨੀ ਦਿੱਤੀ ਕਿ ਕੇਂਦਰ ਸਰਕਾਰ ਪੰਜਾਬ ਦੇ ਸਭ ਤੋਂ ਸੰਵੇਦਨਸ਼ੀਲ ਮੁੱਦਿਆਂ, ਜਿਵੇਂ ਕਿ ਚੰਡੀਗੜ੍ਹ ਦੀ ਸਥਿਤੀ, ਪੰਜਾਬ ਯੂਨੀਵਰਸਿਟੀ ਦਾ ਕੇਂਦਰੀਕਰਨ, ਯੂਨੀਵਰਸਿਟੀ ਦੀ ਸੈਨੇਟ ਨੂੰ ਖ਼ਤਮ ਕਰਨਾ ਅਤੇ ਚੰਡੀਗੜ੍ਹ ਨੂੰ ਲੈਫਟੀਨੈਂਟ ਗਵਰਨਰ ਦੁਆਰਾ ਸ਼ਾਸਨ ਵਾਲਾ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦੇ ਪ੍ਰਸਤਾਵਾਂ ਨੂੰ ਉਠਾ ਕੇ ਵਾਰ-ਵਾਰ 'ਪੰਜਾਬੀਆਂ ਦੇ ਸਬਰ ਦੀ ਪ੍ਰੀਖਿਆ' ਲੈ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਦੀ ਬਜਾਏ, ਕੇਂਦਰ ਨੂੰ ਲੰਬੇ ਸਮੇਂ ਤੋਂ ਕੀਤੀ ਗਈ ਕੌਮੀ ਵਚਨਬੱਧਤਾ ਨੂੰ ਪੂਰਾ ਕਰਨਾ ਚਾਹੀਦਾ ਹੈ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਵਜੋਂ ਬਣਾਇਆ ਗਿਆ ਸੀ ਅਤੇ ਇਸ ਨੂੰ ਪੂਰੀ ਤਰ੍ਹਾਂ ਪੰਜਾਬ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੂਰੇ ਦੇਸ਼ ਵਿੱਚ ਇੱਕੋ ਇੱਕ ਅਜਿਹਾ ਰਾਜ ਹੈ ਜਿਸ ਦੀ ਆਪਣੀ ਕੋਈ ਰਾਜਧਾਨੀ ਨਹੀਂ ਹੈ। ਇਹ ਉਸ ਰਾਜ ਨਾਲ ਵੱਡਾ ਅਨਿਆਂ ਹੈ ਜਿਸ ਨੇ ਭਾਰਤ ਲਈ ਸਭ ਤੋਂ ਵੱਡੀਆਂ ਕੁਰਬਾਨੀਆਂ ਦਿੱਤੀਆਂ ਅਤੇ ਕੌਮੀ ਅਨਾਜ ਸੁਰੱਖਿਆ ਨੂੰ ਯਕੀਨੀ ਬਣਾਇਆ। ਇਸ ਲਈ ਭਾਰਤ ਸਰਕਾਰ ਨੂੰ ਆਪਣਾ ਵਾਅਦਾ ਪੂਰਾ ਕਰਨਾ ਚਾਹੀਦਾ ਹੈ।ਅਕਾਲੀ ਨੇਤਾ ਹਰਸਿਮਰਤ ਕੌਰ ਬਾਦਲ ਵੱਲੋਂ ਦਿੱਤੇ ਗਏ ਬਿਆਨਾਂ ਬਾਰੇ ਮੀਡੀਆ ਦੇ ਸਵਾਲ ਦਾ ਜਵਾਬ ਦਿੰਦਿਆਂ ਮੀਤ ਹੇਅਰ ਨੇ ਕਿਹਾ ਕਿ ਪੰਜਾਬ ਵਿੱਚ ਹਰ ਵਿਅਕਤੀ ਜਾਣਦਾ ਹੈ ਕਿ ਕਿਸ ਸਰਕਾਰ ਦੇ ਦੌਰਾਨ ਚਿੱਟਾ ਵਰਗੀਆਂ ਸਿੰਥੈਟਿਕ ਨਸ਼ੀਲੀਆਂ ਦਵਾਈਆਂ ਫੈਲੀਆਂ ਅਤੇ ਕਿਨ੍ਹਾਂ ਦੇ ਸਾਥੀਆਂ ਦੇ ਨਾਂ ਨਸ਼ਾ ਜਾਂਚਾਂ ਵਿੱਚ ਵਾਰ-ਵਾਰ ਸਾਹਮਣੇ ਆਏ।

ਮੁੱਖ ਮੰਤਰੀ ਨੇ ਪਾਰਦਰਸ਼ੀ ਟੈਂਡਰਿੰਗ ਪ੍ਰਣਾਲੀ 'ਚ ਤੇਜ਼ੀ ਲਿਆਉਣ ਦੇ ਦਿੱਤੇ ਨਿਰਦੇਸ਼

ਚੰਡੀਗੜ੍ਹ, (ਕ੍ਰਿਸ਼ਨ ਗਰਗ)-ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵਿਭਾਗ ਦੇ ਕੰਮਕਾਜ ਨੂੰ ਵੱਧ ਪਾਰਦਰਸ਼ੀ ਅਤੇ ਜਨਹਿਤਕਾਰੀ ਬਨਾਉਣ ਦੇ ਉਦੇਸ਼ ਨਾਲ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਗ੍ਰਾਮੀਣ ਖੇਤਰਾਂ ਵਿੱਚ ਵਿਕਾਸ ਕੰਮਾਂ ਨਾਲ ਸਬੰਧਿਤ ਕਿਸੇ ਵੀ ਵਿਭਾਗ ਦਾ ਜੇਕਰ ਟੇਂਡਰ ਐੱਚ ਈ ਡਬਲਿਯੂ ਪੋਰਟਲ 'ਤੇ ਜਾਰੀ ਹੁੰਦਾ ਹੈ, ਤਾਂ ਉਸ ਦੀ ਜਾਣਕਾਰੀ ਸਬੰਧਿਤ ਸਰਪੰਚਾਂ ਨੂੰ ਐੱਸ ਐੱਮ ਐੱਸ ਰਾਹੀਂ ਤੁਰੰਤ ਉਪਲਬਧ ਕਰਾਈ ਜਾਵੇ, ਤਾਂ ਜੋ ਗ੍ਰਾਮੀਣ ਪ੍ਰਤੀਨਿਧੀਆਂ ਨੂੰ ਨਿਰਮਾਣ ਕੰਮਾਂ ਦੀ ਸਹੀ, ਸਮੇਂਬੱਧ ਅਤੇ ਸਟੀਕ ਜਾਣਕਾਰੀ ਮਿਲ ਸਕੇ। ਇਸ ਨਾਲ ਨਿਗਰਾਨੀ ਅਤੇ ਲਾਗੂ ਕਰਨ ਦੀ ਗੁਣਵੱਤਾ ਹੋਰ ਬਿਹਤਰ ਹੋਵੇਗੀ। ਇਸ ਪੋਰਟਲ ਰਾਹੀਂ ਜਨਤਾ ਨੂੰ ਵੀ ਟੈਂਡਰਸ ਦੀ ਜਾਣਕਾਰੀ ਮਿਲੇਗੀ, ਜਿਸ ਨਾਲ ਕੰਮਾਂ ਵਿੱਚ ਹੋਰ ਵੱਧ ਪਾਰਦਰਸ਼ਿਤਾ ਵਧੇਗੀ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੀਰਵਾਰ ਨੂੰ ਦੇਰ ਸ਼ਾਮ ਸਿਵਲ ਸਕੱਤਰੇਤ ਵਿੱਚ ਵਿੱਤ ਸਾਲ 2025-26 ਨਾਲ ਸਬੰਧਿਤ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਬਜਟ ਐਲਾਨਾਂ ਦੀ ਪ੍ਰਗਤੀ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਗ੍ਰਾਮੀਣ ਖੇਤਰਾਂ ਵਿੱਚ ਵਿਕਾਸ ਕੰਮਾਂ ਨੂੰ ਹੋਰ ਮਜਬੂਤ ਕਰਨ ਲਈ ਨਿਰਧਾਰਿਤ ਸਾਰੀ ਯੋਜਨਾਵਾਂ ਨੂੰ ਸਮੇਂ 'ਤੇ ਪੂਰਾ ਕੀਤਾ ਜਾਵੇ।

ਲੇਬਰ ਕੋਰਟ ਜਲਦ ਸਥਾਪਤ ਕੀਤੇ ਜਾਣਗੇ : ਸੈਣੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)-ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅਧਿਕਾਰਿਆਂ ਨੂੰ ਨਿਰਦੇਸ਼ ਦਿੱਤੇ ਕਿ ਸੂਬੇਵਾਸਿਆਂ ਦੇ ਕਿਰਤ ਸਬੰਧੀ ਮਾਮਲਿਆਂ ਦਾ ਜਲਦ ਹੱਲ ਕਰਨ ਲਈ ਪਲਵਲ, ਰੇਵਾੜੀ, ਸੋਨੀਪਤ, ਝੱਜਰ ਅਤੇ ਬਾਵਲ ਵਿੱਚ ਪ੍ਰਸਤਾਵਿਤ ਲੇਬਰ ਕੋਰਟ ਜਲਦ ਸਥਾਪਿਤ ਕੀਤੇ ਜਾਣ। ਇਨ੍ਹਾਂ ਕੋਰਟਾਂ ਦੇ ਗਠਨ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਜਾਂ ਲਾਪਰਵਾਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਇਸ ਕੰਮ ਨੂੰ ਸਬੰਧਿਤ ਅਧਿਕਾਰੀ ਪੂਰੀ ਤੱਤਪਰਤਾ ਨਾਲ ਪੂਰਾ ਕਰਨ। ।

2 ਮੋਟਰਸਾਈਕਲ ਚੋਰੀ

ਕਾਲਾ ਸੰਘਿਆਂ, (ਮਨਜੀਤ ਮਾਨ)

ਜਲੰਧਰ ਰੋਡ ਕਾਲਾ ਸੰਘਿਆਂ ਤੋਂ ਮੋਟਰਸਾਈਕਲ ਚੁਕਿਆ ਗਿਆ। ਉਕਤ ਪਲਟਿਨਾ ਮੋਟਰਸਾਈਕਲ ਪੀ ਬੀ 09 ਏ ਐਸ 3186 ਨੂੰ ਚੋਰੀ ਕਰਦੇ ਚੋਰਾਂ ਦੀਆਂ ਨੰਗੇ ਮੂੰਹ ਤਸਵੀਰਾਂ ਕੈਮਰੇ ਵਿੱਚ ਕੈਦ ਹਨ। ਪੀੜਤ ਯਾਕਵ ਅਲੀ ਸਪੁੱਤਰ ਅਹਿਮਦ ਦੱਸਿਆ ਕਿ ਅਸੀਂ ਕੁਝ ਸਮਾਂ ਪਹਿਲਾ ਲੁਭਾਇਆ ਸਿੰਘ ਸਾਬਕਾ ਸਰਪੰਚ ਦੇ ਘਰ ਮੋਟਰਸਾਈਕਲ ਲਾ ਕੇ ਗਏ ਸੀ ਕਿ ਚੋਰ ਮੋਟਰਸਾਈਕਲ ਲੈ ਗਏ। ਕਾਫ਼ੀ ਸਮਾਂ ਇਧਰ ਉਧਰ ਲੱਭਣ ਉਪਰੰਤ ਪੁਲਸ ਨੂੰ ਸੂਚਨਾ ਦੇ ਦਿੱਤੀ ਗਈ। ਇਸੇ ਤਰਾਂ ਕੁੱਝ ਦਿਨ ਪਹਿਲਾਂ ਆਮ ਆਦਮੀ ਪਾਰਟੀ ਦੇ ਸੀਨਅਰ ਆਗੂ ਸਰਬਣ ਸਿੰਘ ਸਪੁੱਤਰ ਨਿਰੰਜਣ ਸਿੰਘ ਵਾਸੀ ਆਲਮਗੀਰ ਕਾਲਾ ਸੰਘਿਆਂ ਦਾ ਗੁਰਦੁਆਰਾ ਬਾਬਾ ਕਾਹਨ ਦਾਸ ਤੋਂ ਮੋਟਰਸਾਈਕਲ ਨੰਬਰ ਪੀ ਬੀ 09 ਏ ਐਫ 4919 ਸਪਲੈਂਡਰ ਦਿਨੇ 4:30 ਵਜੇ ਚੋਰੀ ਹੋ ਗਿਆ ਸੀ, ਜਿਸ ਦਾ ਵੀ ਕੋਈ ਖੁਰਾ ਖੋਜ ਨਹੀਂ ਮਿਲ ਸਕਿਆ। ਸਰਬਣ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸੀ ਸੀ ਟੀ ਵੀ ਫੁਟੇਜ ਵੀ ਕੱਢਵਾ ਕੇ ਦਿੱਤੀ ਹੈ। ਚੋਰੀਆਂ ਲਗਾਤਾਰ ਜਾਰੀ ਹਨ।

ਮੁ.ਫਤ ਮੈਡੀਕਲ ਜਾਂਚ ਕੈਂਪ

ਅੱਡਾ ਸਰਾਂ, (ਜਸਵੀਰ ਕਾਜਲ)-ਪ੍ਰਵਾਸੀ ਪੰਜਾਬੀ ਜਵਾਹਰ ਸਿੰਘ ਪੱਡਾ ਦੀ ਅਗਵਾਈ ਵਿਚ ਪਿੰਡ ਦੇਹਰੀਵਾਲ ਵਿਚ ਚਲਾਏ ਜਾ ਰਹੇ ਗੁਰੂ ਨਾਨਕ ਬਿਰਧ ਆਸ਼ਰਮ ਵਿਚ ਸੀਤਾ ਦੇਵੀ ਮਹਿੰਗਾ ਸਿੰਘ ਮੈਮੋਰੀਅਲ ਵੇਵਜ਼ ਹਸਪਤਾਲ ਟਾਂਡਾ ਵੱਲੋਂ ਇਕ ਰੋਜ਼ਾ ਮੁਫ਼ਤ ਮੈਡੀਕਲ ਕੈਂਪ ਲਾਇਆ ਗਿਆ। ਇਸ ਮੌਕੇ ਡਾ.ਲਵਪ੍ਰੀਤ ਸਿੰਘ ਪਾਬਲਾ, ਜਸਪ੍ਰੀਤ ਕੌਰ, ਅਮਨਪ੍ਰੀਤ ਕੌਰ ਅਤੇ ਰਜਿੰਦਰ ਸਿੰਘ ਦੀ ਟੀਮ ਨੇ ਆਸ਼ਰਮ ਵਿਚ ਰਹਿੰਦੇ ਮੈਂਬਰਾਂ ਦੀ ਮੈਡੀਕਲ ਜਾਂਚ ਕਰਦੇ ਹੋਏ ਉਨ੍ਹਾਂ ਨੂੰ ਦਵਾਈਆਂ ਦਿੱਤੀਆਂ। ਇਸ ਮੌਕੇ ਡਾ.ਪਾਬਲਾ ਨੇ ਸਿਹਤਮੰਦ ਰਹਿਣ ਅਤੇ ਬਿਮਾਰੀਆਂ ਤੋਂ ਬਚਾਅ ਲਈ ਸਿਹਤ ਸਲਾਹਕਾਰੀਆਂ ਤੋਂ ਜਾਣੂ ਵੀ ਕਰਵਾਇਆ ।

ਇਸ ਮੌਕੇ ਆਸ਼ਰਮ ਪ੍ਰਬੰਧਕਾਂ ਵੱਲੋਂ ਹਸਪਤਾਲ ਦੀ ਟੀਮ ਦਾ ਸਨਮਾਨ ਕੀਤਾ ਗਿਆ । ਇਸ ਮੌਕੇ ਹਰਵਿੰਦਰ ਸਿੰਘ, ਮੁਖਤਿਆਰ ਸਿੰਘ, ਕਾਲਾ, ਬਖਸ਼ੀਸ਼ ਸਿੰਘ, ਚੰਨਣ ਸਿੰਘ, ਪਰਮਜੀਤ ਸਿੰਘ, ਗੁਰਦੇਵ ਸਿੰਘ, ਭੋਲੂ, ਸੋਨੀਆ, ਦਰਸ਼ਨ ਕੌਰ, ਸੀਤਾ ਦੇਵੀ, ਸਾਧਨਾ ਆਦਿ ਮੌਜੂਦ ਸਨ।

ਭੁਪਿੰਦਰ ਸਿੰਘ ਚੋਣ ਅਬਜ਼ਰਵਰ ਨਿਯੁਕਤ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)-ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਭੁਪਿੰਦਰ ਸਿੰਘ ਨੂੰ ਜ਼ਿਲ੍ਹਾ ਰੂਪਨਗਰ ਲਈ ਬਤੌਰ ਚੋਣ ਅਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਮੱਦੇਨਜ਼ਰ ਉਮੀਦਵਾਰ ਅਤੇ ਆਮ ਪਿੰਡਾਂ ਦੇ ਲੋਕ ਚੋਣ ਅਬਜ਼ਰਵਰ ਭੁਪਿੰਦਰ ਸਿੰਘ ਨਾਲ ਸਰਕਾਰੀ ਕੰਮ ਵਾਲੇ ਦਿਨਾਂ ਵਿੱਚ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਕੈਨਾਲ ਰੈਸਟ ਹਾਊਸ ਰੂਪਨਗਰ ਸਾਹਮਣੇ ਦਫ਼ਤਰ ਡਿਪਟੀ ਕਮਿਸ਼ਨਰ ਰੂਪਨਗਰ ਵਿਖੇ ਸੰਪਰਕ ਕਰ ਸਕਦੇ ਹਨ। ਇਸ ਤੋਂ ਇਲਾਵਾ ਚੋਣਾਂ ਸੰਬਧੀ ਉਨ੍ਹਾਂ ਨਾਲ ਮੋਬਾਇਲ ਨੰਬਰ 94174 - 00085 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਮੈਡੀਟੇਸ਼ਨ ਕੈਂਪ 11 ਨੂੰ

ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)-ਗੜਸ਼ੰਕਰ-ਨੰਗਲ ਮੁੱਖ ਮਾਰਗ ਤੇ ਪੈਂਦੇ ਪਿੰਡ ਬਾਰਾਪੁਰ ਵਿਖੇ ਸਥਿਤ ਓਸ਼ੋ ਆਸ਼ਰਮ ਵਿਖੇ ਰਜਨੀਸ਼ ਓਸ਼ੋ ਦੇ ਜਨਮ ਦਿਨ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦੇ ਹੋਏ ਮੈਡੀਟੇਸ਼ਨ ਕੈਂਪ 11 ਦਸੰਬਰ ਨੂੰ ਸਵੇਰੇ 10 ਤੋਂ 2 ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਸ਼ਰਮ ਦੇ ਸੰਚਾਲਕ ਸੁਆਮੀ ਆਨੰਦ ਸਥਿਆਰਥੀ ਨੇ ਦੱਸਿਆ ਕਿ ਜਿਨਾਂ ਵੀ ਸਾਥੀਆਂ ਨੇ ਇਸ ਸ਼ਿਵਰ ਵਿੱਚ ਹਿੱਸਾ ਲੈਣਾ ਹੈ ਉਹ 10 ਵਜੇ ਤੋਂ ਪਹਿਲਾਂ ਪਹਿਲਾਂ ਓਸ਼ੋ ਆਸ਼ਰਮ ਬਾਰਾਪੁਰ ਵਿਖੇ ਪਹੁੰਚ ਜਾਣ ਅਤੇ ਨਾਲ ਹੀ ਆਪਣਾ ਮਹਿਰੂਨ ਰੋਬ ਨਾਲ ਲੈ ਕੇ ਆਉਣ ਜੋ ਕਿ ਕੈਂਪ ਲਈ ਰੂਰੀ ਹੈ।

1.15 ਕਰੋੜ ਦੀ ਬਣੀ ਭਾਮ ਦੀ ਫਿਰਨੀ ਪਿੰਡ ਵਾਸੀਆਂ ਲਈ ਵੱਡੀ ਸੌਗਾਤ : ਡਾ. ਇਸ਼ਾਂਕ ਕੁਮਾਰ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਵਿਧਾਨ ਸਭਾ ਹਲਕਾ ਚੱਬੇਵਾਲ ਦੇ ਪਿੰਡ ਭਾਮ ਦੀ ਫਿਰਨੀ ਨੂੰ ਕੰਕਰੀਟ ਨਾਲ ਪੱਕਾ ਬਣਾਉਣ ਦਾ ਪਿੰਡ ਵਾਸੀਆਂ ਨਾਲ ਕੀਤਾ ਵਾਅਦਾ ਪੂਰਾ ਕਰ ਦਿੱਤਾ ਗਿਆ ਹੈ, ਇਹ ਪ੍ਰਗਟਾਵਾ ਚੱਬੇਵਾਲ ਹਲਕੇ ਤੋਂ ਆਪ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਵੱਲੋਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ 1.5 ਕਿਲੋਮੀਟਰ ਦੀ ਫਿਰਨੀ ਨੂੰ ਕੰਕਰੀਟ ਦਾ ਬਣਾਇਆ ਗਿਆ ਹੈ ਅਤੇ ਇਸ ਸੜਕ ਨੂੰ 18 ਫੁੱਟ ਚੌੜਾ ਵੀ ਕੀਤਾ ਗਿਆ ਹੈ, ਜਿਸ 'ਤੇ 1.15 ਕਰੋੜ ਰੁਪਏ ਖਰਚ ਕੀਤੇ ਗਏ ਹਨ।। ਉਹਨਾਂ ਕਿਹਾ ਕਿ ਇਹ ਸੜਕ ਜੋ ਪਾਣੀ ਦੀ ਸਮੱਸਿਆ ਕਾਰਨ ਵਾਰ ਵਾਰ ਟੁੱਟ ਰਹੀ ਸੀ, ਹੁਣ ਇਹ ਕੰਕਰੀਟ ਦੀ ਬਣਨ ਨਾਲ ਵਧੇਰੇ ਟਿਕਾਊ ਰਹੇਗੀ ਅਤੇ ਚੌੜੀ ਹੋਣ ਕਾਰਨ ਆਵਾਜਾਈ ਵੀ ਵਧੇਰੇ ਸੁਖਾਲੀ ਹੋਵੇਗੀ ।ਡਾ. ਇਸ਼ਾਂਕ ਨੇ ਕਿਹਾ ਕਿ ਸੂਬੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣਾ ਸਰਕਾਰ ਦੀ ਪਹਿਲ ਹੈ ਤਾਂ ਜੋ ਲੋਕਾਂ ਨੂੰ ਆਵਾਜਾਈ ਦੌਰਾਨ ਸਹੂਲਤ ਮਿਲ ਸਕੇ। ਉਹਨਾਂ ਨੇ ਕਿਹਾ ਕਿ ਉਹਨਾਂ ਦਾ ਮੁੱਖ ਏਜੰਡਾ ਵਿਕਾਸ ਹੈ, ਇਸ ਲਈ ਸਾਰੇ ਪਿੰਡਾਂ ਦਾ ਬਿਨਾਂ ਕਿਸੇ ਪੱਖਪਾਤ ਤੋਂ ਲੋਕਾਂ ਦੀ ਤਰਜੀਹ ਮੁਤਾਬਿਕ ਵਿਕਾਸ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਮੌਜੂਦ ਪਿੰਡ ਵਾਸੀਆਂ ਨੇ ਇਸ ਫਿਰਨੀ ਲਈ ਅਤੇ ਪਿੰਡ ਵਿਚ ਕੀਤੇ ਜਾ ਰਹੇ ਹੋਰਨਾਂ ਵਿਕਾਸ ਕਾਰਜਾਂ ਲਈ ਆਪਣੇ ਵਿਧਾਇਕ ਨੂੰ ਧੰਨਵਾਦ ਦਿੱਤਾ ਅਤੇ ਉਹਨਾਂ ਦੇ ਹੱਕ ਵਿਚ ਆਪਣੀ ਇਕਜੁੱਟਤਾ ਦੁਹਰਾਈ।

ਅੱਡਾ ਬਿਆਸ ਪਿੰਡ ਨਜ਼ਦੀਕ ਧੁੰਦ ਕਾਰਨ ਹਾਦਸੇ 'ਚ ਤਿੰਨ ਜ਼ਖਮੀ

ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ) : ਜਲੰਧਰ-ਪਠਾਨਕੋਟ ਰਾਸ਼ਟਰੀ ਰਾਜਮਾਰਗ ਉੱਤੇ ਪੈਂਦੇ ਅੱਡਾ ਬਿਆਸ ਪਿੰਡ ਨਜ਼ਦੀਕ ਧੁੰਦ ਕਾਰਨ ਸਵੇਰੇ ਭਿਆਨਕ ਹਾਦਸਾ ਵਾਪਰਿਆ। ਹਾਦਸਾ ਉਸ ਵੇਲੇ ਵਾਪਰਿਆ ਜਦੋਂ ਇਕ ਕੈਂਟਰ ਟਰੱਕ ਵੱਲੋਂ ਅਚਾਨਕ ਬ੍ਰੇਕ ਲਗਾ ਦਿੱਤੀ ਗਈ, ਜਿਸ ਕਾਰਨ ਪਿੱਛੋਂ ਆ ਰਹੀਆਂ ਤਿੰਨ ਕਾਰਾਂ ਉਸ ਨਾਲ ਜਾ ਟਕਰਾਈਆਂ, ਤੇ ਜਿਸ ਨਾਲ ਤਿੰਨ ਲੋਕ ਜ਼ਖਮੀ ਹੋਏ ਹਨ। ਸੜਕ ਸੁਰੱਖਿਆ ਫੋਰਸ ਦੇ ਇੰਚਾਰਜ ਏ ਐੱਸ ਆਈ ਰਣਧੀਰ ਸਿੰਘ ਨੇ ਦੱਸਿਆ ਕਿ ਸਵੇਰੇ ਕਰੀਬ 8 ਵਜੇ ਧੁੰਦ ਕਾਰਨ ਘੱਟ ਦਿਖਾਈ ਦੇ ਰਿਹਾ ਸੀ। ਕੈਂਟਰ ਦੇ ਅਚਾਨਕ ਰੁਕਣ ਨਾਲ ਇਸ ਦੇ ਪਿੱਛੇ ਆ ਰਹੀ ਇਨੋਵਾ, ਬੈਲੀਨੋ ਤੇ ਸਵਿਫਟ ਇਕ-ਦੂਜੇ ਨਾਲ ਟਕਰਾ ਗਈਆਂ। ਹਾਦਸੇ 'ਚ ਗੰਰਵ ਵਾਸੀ ਮਾਡਲ ਟਾਊਨ ਜਲੰਧਰ, ਅਨਿਲ ਕਾਮਤ ਤੇ ਪ੍ਰਦੀਪ ਸਿੰਘ ਦੋਵੇਂ ਵਾਸੀ ਮਾਡਲ ਹਾਊਸ ਜਲੰਧਰ ਜ਼ਖ਼ਮੀ ਹੋਏ। ਸੜਕ ਸੁਰੱਖਿਆ ਫੋਰਸ ਨੇ ਜ਼ਖਮੀਆਂ ਨੂੰ ਫ਼ਸਟ ਏਡ ਦੇਣ ਉਪਰੰਤ 108 ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਕਾਲਾ ਬੱਕਰਾ ਪਹੁੰਚਾਇਆ।

ਸ਼ਮਿੰਦਰ ਸਿੰਘ ਭੱਕੂਮਾਜਰਾ ਦੀਆਂ ਦੋ ਕਿਤਾਬਾਂ ਲੋਕ ਅਰਪਣ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)-ਨਜ਼ਦੀਕੀ ਪਿੰਡ ਤਾਲਾਪੁਰ ਦੇ ਇਤਿਹਾਸ ਗੁਰਦੁਆਰਾ ਸ੍ਰੀ ਟਿੱਬੀ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਦੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ 35 ਸਿੰਘ ਸਿੰਘਣੀਆਂ ਵੱਲੋਂ ਕੀਤੇ ਗਏ ਸ੍ਰੀ ਸਹਿਜ ਪਾਠਾਂ ਦੇ ਭੋਗ ਪਾਏ ਗਏ। ਇਸ ਉਪਰੰਤ ਭਾਈ ਸ਼ਮਿੰਦਰ ਸਿੰਘ ਭੱਕੂਮਾਜਰਾ ਵੱਲੋਂ ਲਿਖਤ ਦੋ ਨਵੀਆਂ ਕਿਤਾਬਾਂ 'ਸਚੁ ਸੁਣਾਇਸੀ ਸਚੁ ਕੀ ਬੇਲਾ' ਅਤੇ 'ਪੰਥਕ ਹੀਰਿਆਂ ਦੀ ਖਾਣ' ਲੋਕ ਅਰਪਣ ਕੀਤੀਆਂ ਗਈਆਂ। ਸ਼੍ਰੋਮਣੀ ਕਮੇਟੀ ਦੇ ਸਿੱਖ ਇਤਿਹਾਸ ਬੋਰਡ ਦੇ ਸਾਬਕਾ ਮੈਂਬਰ ਪ੍ਰੋ ਨਿਰਮਲ ਸਿੰਘ, ਸੈਣੀ ਸਮਾਜ ਦੇ ਸੂਬਾ ਪ੍ਰਧਾਨ ਹਰਜੀਤ ਸਿੰਘ ਲੌਂਗੀਆ, ਸੀਨੀਅਰ ਸਿਟੀਜ਼ਨ ਕੌਂਸਲ ਦੇ ਆਗੂ ਦੀਦਾਰ ਸਿੰਘ ਸੈਣੀ, ਬਾਬਾ ਅਜੀਤ ਸਿੰਘ ਸੰਧਾਰੀ ਮਾਜਰਾ, ਸੈਣੀ ਭਵਨ ਰੂਪਨਗਰ ਦੇ ਪ੍ਰਧਾਨ ਡਾ. ਅਜਮੇਰ ਸਿੰਘ ਅਤੇ ਰਾਜਿੰਦਰ ਸਿੰਘ ਨੰਨੂਆ ਨੇ ਭਾਈ ਸ਼ਮਿੰਦਰ ਸਿੰਘ ਵੱਲੋਂ ਇਤਿਹਾਸਕ ਤੱਥਾਂ ਦੀ ਖੋਜ ਦੇ ਅਧਾਰਿਤ ਕਿਤਾਬਾਂ ਲਿਖੇ ਜਾਣ ਦੀ ਪ੍ਰ

6-Dec-PAGE-9.qxd 12/5/2025 10:49 PM Page 1

ਪਾਵਰਕਾਮ ਦੇ ਠੇਕਾ ਮੁਲਾਜ਼ਮਾਂ ਵੱਲੋਂ ਹੜਤਾਲ

ਗੁਰਾਇਆ (ਬਿੰਦਰ ਸੁੰਮਨ)

ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜਮ ਯੂਨੀਅਨ ਪੰਜਾਬ ਵਲੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਬੈਨਰ ਹੇਠ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਵੱਲੋਂ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰਕੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਕਰਨ ਦੀ ਮੰਗ ਨੂੰ ਲੈਕੇ ਕੀਤੀ ਜਾ ਰਹੀ ਤਿੰਨ ਰੋਜ਼ਾ ਹੜਤਾਲ ਕੀਤੀ ਗਈ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਮੋਰਚੇ ਸੂਬਾਈ/ਜਿਲ੍ਹਾ ਆਗੂਆਂ ਨੇ ਕਿਹਾ ਕਿ ਸਮੂਹ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ 'ਆਪ ਸਰਕਾਰ' ਨੇ ਆਪਣੇ ਕਾਰਜ਼ਕਾਲ ਦੇ ਪੌਣੇ ਚਾਰ ਸਾਲਾਂ ਵਿੱਚ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਸੰਬੰਧੀ ਹਾਲੇ ਤੱਕ ਕੋਈ ਵੀ ਨੀਤੀ ਨਹੀਂ ਬਣਾਈ ਅਤੇ ਨਿੱਜੀਕਰਨ ਦੇ ਇਸ ਹੱਲੇ ਤਹਿਤ ਸਮੂਹ ਸਰਕਾਰੀ ਵਿਭਾਗਾਂ ਵਿੱਚੋਂ ਕੰਮ-ਭਾਰ ਨੀਤੀ ਮੁਤਾਬਿਕ ਤਹਿ ਕੀਤੀਆਂ ਪੱਕੀਆਂ ਅਸਾਮੀਆਂ ਦਾ ਖਾਤਮਾ ਕੀਤਾ ਜਾ ਰਿਹਾ ਹੈ ਅਤੇ ਸਰਕਾਰੀ ਵਿਭਾਗਾਂ ਦੀਆਂ ਜਮੀਨਾਂ ਨੂੰ ਵੇਚਿਆ ਜਾ ਰਿਹਾ ਹੈ ਅਤੇ ਨਿੱਜੀਕਰਨ ਦੇ ਇਸ ਹੱਲੇ ਤਹਿਤ ਹੀ ਆਊਟਸੋਰਸ਼ਡ/ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਨਹੀਂ ਕੀਤਾ ਜਾ ਰਿਹਾ,ਜਿਸ ਦੇ ਵਿਰੋਧ ਵਜੋਂ ਸਮੁੱਚੇ ਪੰਜਾਬ ਵਿੱਚ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮ 2-3 ਅਤੇ 4 ਦਸੰਬਰ ਨੂੰ ਤਿੰਨ ਰੋਜਜ਼ਾਲ ਕਰਕੇ ਆਪਣੇ-ਆਪਣੇ ਵਿਭਾਗਾਂ ਦੇ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਕਰਨ ਦੇ ਉਲੀਕੇ ਸੰਘਰਸ਼ ਪ੍ਰੋ.ਤਹਿਤ ਅੱਜ ਪਹਿਲੇ ਦਿਨ ਰੋਸ਼ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ,ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ, ਠੇਕਾ ਮੁਲਾਜ਼ਮਾਂ ਦੇ ਸੇਵਾ ਮੁਕਤ ਹੋਣ ਉਪਰੰਤ ਪੈਨਸ਼ਨ ਅਤੇ ਗੁਜ਼ਾਰਾ ਫੰਡ ਦਿੱਤਾ ਜਾਵੇ।

'ਆਪ' ਨੇ ਪੋਜੇਵਾਲ ਜ਼ੋਨ ਤੋਂ ਕਰਨਵੀਰ ਕਟਾਰੀਆ ਨੂੰ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਐਲਾਨਿਆ

ਬਲਾਚੌਰ (ਜਸਵਿੰਦਰ ਬੈਂਸ)

ਆਮ ਆਦਮੀ ਪਾਰਟੀ ਨੇ ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਆਪਣੀ ਤਿਆਰੀ ਨੂੰ ਅੰਤਿਮ ਰੂਪ ਦਿੰਦੇ ਹੋਏ, ਪੋਜੇਵਾਲ ਜ਼ੋਨ ਤੋਂ ਜ਼ਿਲ੍ਹਾ ਪ੍ਰੀਸ਼ਦ ਲਈ ਕਰਨਵੀਰ ਕਟਾਰੀਆ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। 32 ਬਲਾਕ ਸੰਮਤੀ ਅਤੇ 3 ਜ਼ਿਲ੍ਹਾ ਪ੍ਰੀਸ਼ਦ ਲਈ ਕਾਗਜ਼ ਬੀਬੀ ਸੰਤੋਸ਼ ਕਟਾਰੀਆ ਵਿਧਾਇਕ,ਜਿਲਾ ਪ੍ਰਧਾਨ ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸਤਨਾਮ ਜਲਾਲਪੁਰ, ਸੀਨੀਅਰ ਆਗੂ ਅਸ਼ੋਕ ਕਟਾਰੀਆ,ਚੇਦਰ ਮੋਹਨ ਜੇਡੀ ਜਿਲਾ ਮੀਡੀਆ ਇੰਚਾਰਜ,ਮਾਰਕੀਟ ਕਮੇਟੀ ਚੇਅਰਮੈਨ ਸੇਠੀ ਉਧਨਵਾਲ, ਸ਼ਾਮ ਲਾਲ (ਸ਼ਾਮਾ) ਪ੍ਰਧਾਨ ਟਰੱਕ ਯੂਨੀਅਨ, ਰਸ਼ਪਾਲ ਸਿੰਘ ਮੰਡੇਰ ਪ੍ਰਧਾਨ ਹਲਕਾ ਕਿਸਾਨ ਵਿੰਗ, ਕਮਲਜੀਤ ਸਰਪੰਚ, ਰਣਵੀਰ ਸਿੰਘ ਬਲਾਕ ਪ੍ਰਧਾਨ ਦੀ ਹਾਜ਼ਰੀ ਵਿੱਚ ਭਰੇ। ਪਾਰਟੀ ਸੂਤਰਾਂ ਅਨੁਸਾਰ, ਇਸ ਖੇਤਰ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਵੱਡੀ ਗਿਣਤੀ ਵਿੱਚ ਆਪਣੇ ਨਾਮਜ਼ਦਗੀ ਕਾਗਜ਼ ਭਰ ਦਿੱਤੇ ਹਨ।ਬਲਾਕ ਸੰਮਤੀ ਤੋਂ 32 ਵੱਖ-ਵੱਖ ਬਲਾਕ ਸੰਮਤੀ ਜ਼ੋਨਾਂ ਤੋਂ 'ਆਪ' ਉਮੀਦਵਾਰਾਂ ਨੇ ਕਾਗਜ਼ ਭਰੇ ਹਨ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਕੁੱਲ 3 ਜ਼ੋਨਾਂ ਤੋਂ ਪਾਰਟੀ ਦੇ ਉਮੀਦਵਾਰਾਂ ਨੇ

ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ। ਇਨ੍ਹਾਂ ਵਿੱਚੋਂ ਇੱਕ ਅਹਿਮ ਨਾਂ ਪੋਜੇਵਾਲ ਜ਼ੋਨ ਤੋਂ ਕਰਨਵੀਰ ਕਟਾਰੀਆ ਦਾ ਹੈ, ਜਿਨ੍ਹਾਂ ਨੂੰ ਜ਼ਿਲ੍ਹਾ ਪ੍ਰੀਸ਼ਦ ਦੀ ਸੀਟ ਲਈ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਹੈ।ਪਾਰਟੀ ਨੇ ਦਾਅਵਾ ਕੀਤਾ ਹੈ ਕਿ ਜ਼ਮੀਨੀ ਪੱਧਰ 'ਤੇ ਲੋਕਾਂ ਵਿੱਚ ਉਨ੍ਹਾਂ ਦੇ ਉਮੀਦਵਾਰਾਂ ਪ੍ਰਤੀ ਭਾਰੀ ਉਤਸ਼ਾਹ ਹੈ, ਅਤੇ ਉਹ ਇਨ੍ਹਾਂ ਚੋਣਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨਗੇ।

ਵਿਸ਼ਵ ਚੈੱਸ ਮੰਚ 'ਤੇ ਚਮਕਿਆ ਉਤਕ੍ਰਿਸ਼ਟ ਤੁਲੀ

ਜਲੰਧਰ, (ਸ਼ੈਲੀ ਐਲਬਰਟ)

ਇੰਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਊਨ ਲਈ ਬੜੇ ਮਾਣ ਅਤੇ ਖੁਸ਼ੀ ਦੀ ਲਹਿਰ ਦੌੜ ਪਈ ਹੈ, ਕਿਉਂਕਿ ਜਮਾਤ 10 ਦੇ ਹੋਣਹਾਰ ਵਿਦਿਆਰਥੀ ਉਤਕ੍ਰਿਸ਼ਟ ਤੁਲੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੇ ਆਪ ਨੂੰ ਦੁਨੀਆ ਦੇ ਸਭ ਤੋਂ ਵੱਧ ਉਭਰ ਰਹੇ ਯੁਵਾ ਚੈੱਸ ਖਿਡਾਰੀ ਵਿੱਚ ਦਰਜ ਕਰਵਾਇਆ ਹੈ। 21 ਤੋਂ 29 ਨਵੰਬਰ 2025 ਤੱਕ ਆਯੋਜਿਤ ਏਸ਼ਿਆਈ ਯੂਥ ਚੈੱਸ ਚੈਂਪੀਅਨਸ਼ਿਪ ਵਿੱਚ ਭਾਰਤ ਦਾ ਪ੍ਰਤੀਨਿਧਿਤਾ ਕਰਦੇ ਹੋਏ, ਉਤਕ੍ਰਿਸ਼ਟ ਨੇ ਬੇਮਿਸਾਲ ਹੁਨਰ ਦਾ ਪ੍ਰਦਰਸ਼ਨ ਕੀਤਾ ਅਤੇ ਸ਼ਾਨਦਾਰ ਤਮਗੇ ਜਿੱਤੇ। ਸੋਨੇ ਦਾ ਤਮਗਾ-ਸਟੈਂਡਰਡ ਫਾਰਮੈਟ (ਟੀਮ) ਚਾਂਦੀ ਦਾ ਤਮਗਾ - ਬਲਿੱਟਜ਼ ਫਾਰਮੈਟ (ਟੀਮ) ਕਾਂਸੇ ਦਾ ਤਮਗਾ - ਰੈਪਿਡ ਫਾਰਮੈਟ (ਟੀਮ), ਉਸ ਦਾ ਪ੍ਰਦਰਸ਼ਨ ਕੇਵਲ ਜਿੱਤ ਤੱਕ ਸੀਮਿਤ ਨਹੀਂ ਰਿਹਾ, ਬਲਕਿ ਉਸ ਨੇ ਰੇਟਿੰਗ ਵਿੱਚ ਵੀ ਅਸਾਧਾਰਣ ਵਾਧਾ ਕੀਤਾ:+158.8 ਸਟੈਂਡਰਡ ਵਿੱਚ+73.2 ਬਲਿੱਟਜ਼ ਵਿੱਚ +60.8 ਰੈਪਿਡ ਵਿੱਚ ਅੰਕ ਵਿੱਚ ਵਾਧਾ ,ਇਸ ਮਹਾਨ ਸਫਲਤਾ ਨੇ ਉਸਦੀ ਲਾਈਵ ਸਟੈਂਡਰਡ ਰੇਟਿੰਗ ਨੂੰ 2287 ਤੱਕ ਪਹੁੰਚਾ ਦਿੱਤਾ ਹੈ, ਜਿਸ ਨਾਲ ਉਹ ਪੰਜਾਬ ਦਾ ਸਭ ਤੋਂ ਉੱਚੀ ਰੇਟਿੰਗ ਵਾਲਾ ਸਕੂਲੀ ਵਿਦਿਆਰਥੀ ਅਤੇ ਦੇਸ਼ ਦੇ ਪ੍ਰਮੁੱਖ ਯੁਵਾ ਚੈਸ ਖਿਡਾਰੀਆਂ ਵਿੱਚੋਂ ਇੱਕ ਬਣ ਗਿਆ ਹੈ।ਸਰਬੀਆ ਵਿੱਚ ਗਲੋਬਲ ਉਪਲਬਧੀ ਆਪਣੀ ਸ਼ਤਰੰਜ ਯਾਤਰਾ ਵਿੱਚ ਜੋੜਦੇ ਹੋਏ, ਇਸ ਮਹੀਨੇ ਦੀ ਸ਼ੁਰੂਆਤ ਵਿੱਚ, ਉਤਕ੍ਰਿਸ਼ਟ ਨੇ ਆਪਣੀ

ਚੈਸ ਯਾਤਰਾ ਵਿੱਚ ਇੱਕ ਹੋਰ ਅੰਤਰਰਾਸ਼ਟਰੀ ਪ੍ਰਾਪਤੀ ਹਾਸਲ ਕੀਤੀ, ਜਦੋਂ ਉਸਨੇ 5 ਤੋਂ 13 ਨਵੰਬਰ 2025 ਤੱਕ ਸਰਬੀਆ ਵਿੱਚ ਹੋਈ ਵਿਸ਼ਵ ਐਮੇਚਰ ਚੈਸ ਚੈਂਪੀਅਨਸ਼ਿਪ 2025 ਵਿੱਚ ਵਿਸ਼ਵ ਪੱਧਰ 'ਤੇ 5ਵਾਂ ਸਥਾਨ ਹਾਸਲ ਕੀਤਾ।ਉਸ ਦੀਆਂ ਪ੍ਰਾਪਤੀਆਂ:ਦੁਨੀਆ ਵਿੱਚ 5ਵਾਂ ਰੈਂਕ, 400 ਇਨਾਂਮੀ ਰਕਮ,+97.8 ਈ ਐੱਲ ਓ ਅੰਕ ਇੰਨੋਸੈਂਟ ਹਾਰਟਸ ਦੇ ਚੇਅਰਮੈਨ ਡਾ. ਅਨੂਪ ਬੇਰੀ ਨੇ ਇਸ ਸ਼ਾਨਦਾਰ ਪ੍ਰਾਪਤੀ 'ਤੇ ਉਸਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।

ਪੁਰਾਣੇ ਵਹੀਕਲਜ਼ ਦੀ ਪਾਸਿੰਗ ਫੀਸ 'ਚ ਕੀਤੇ ਵਾਧੇ ਖ਼ਿਲਾਫ਼ ਟਰੱਕ ਮਾਲਕਾਂ ਨੇ ਕੀਤਾ ਰੋਸ ਪ੍ਰਦਰਸ਼ਨ

ਨੰਗਲ (ਸੁਰਜੀਤ ਢੇਰ)

ਇੱਥੇ ਵੱਡੀ ਗਿਣਤੀ ਵਿੱਚ ਟਰੱਕ ਮਾਲਕਾਂ ਨੇ ਪੰਜਾਬ ਸਰਕਾਰ ਵੱਲੋਂ 15 ਸਾਲ ਪੁਰਾਣੀਆਂ ਗੱਡੀਆਂ ਦੀਆਂ ਪਾਸਿੰਗ ਫੀਸ ਵਿੱਚ ਬੇਹਤਾਸ਼ਾ ਵਾਧਾ ਕਰਨ ਦੇ ਰੋਸ ਵਜੋਂ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਤੇ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਗਿਆ। ਇਸ ਮੌਕੇ ਤੇ ਸਥਾਨਕ ਟਰੱਕ ਯੂਨੀਅਨ ਵਿੱਚ ਇਕੱਤਰ ਹੋਏ ਟਰੱਕ ਮਾਲਕਾਂ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਪੁਰਾਣੀਆਂ ਗੱਡੀਆਂ ਦੀਆਂ ਪਾਸਿੰਗ ਫੀਸ ਵਿੱਚ ਦੁਗਣਾ ਵਾਧਾ ਕਰ ਦਿੱਤਾ ਹੈ।ਹੁਣ ਫੀਸ ਕਰੀਬ 31,000 ਰੁਪਏ ਲੱਗੇਗੀ। ਸਰਕਾਰ ਹੋਂਦ ਆਉਣ ਤੋਂ ਪਹਿਲਾਂ ਪਾਸਿੰਗ ਫੀਸ 500 ਰੁਪਏ ਹੋਇਆ ਕਰਦੀ ਸੀ। ਪਰ ਪੰਜਾਬ ਸਰਕਾਰ ਟਰਾਂਸਪੋਰਟ ਮਾਰੂ ਨੀਤੀ ਤੇ ਚਲਦਿਆਂ ਟੈਕਸਾਂ ਸਮੇਤ ਪਾਸਿੰਗ ਫੀਸ ਵਿੱਚ ਬੇਹਤਾਸ਼ਾ ਵਾਧਾ ਕਰ ਦਿੱਤਾ ਗਿਆ। ਜੋ ਕਿ ਸਹਿਣਯੋਗ ਨਹੀਂ ਹੈ, ਆਪਣੀ ਰੋਜੀ ਰੋਟੀ ਕਮਾ ਰਹੇ ਟਰੱਕ ਮਾਲਕਾਂ ਨੂੰ ਆਪਣਾ ਧੰਦਾ ਚੌਪਟ ਹੁੰਦਾ ਨਜ਼ਰ ਆ ਰਿਹਾ। ਇਸ ਮੌਕੇ ਤੇ ਟਰੱਕ ਮਾਲਕਾਂ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਸਕਰੈਪ ਪੋਲਸੀ ਤੋਂ ਬਾਅਦ ਹੁਣ ਹੌਲੀ ਹੌਲੀ ਛੋਟੇ ਟਰੱਕ ਮਾਲਕਾਂ ਨੂੰ ਜਾਂ ਹੋਰ ਧੰਦਾ ਕਰਨ ਵਾਲੇ ਲੋਕਾਂ ਨੂੰ ਖਤਮ ਕਰ ਦੇਵੇਗੀ। ਟਰੱਕ ਮਾਲਕਾਂ ਨੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਵਧਾਈ ਹੋਈ ਪਾਸਿੰਗ ਫੀਸ ਟੈਕਸਾਂ ਦਾ ਵਿਰੋਧ ਕਰਨ। ਆਰਸੀ, ਲਾਇਸੈਂਸ, ਪਰਮਿਟ ਲੈਣ ਲਈ ਕਈ ਕਈ ਮਹੀਨੇ ਖੱਜਲ ਖੁਆਰ ਹੋਣਾ ਪੈਂਦਾ ਹੈ। ਜਦ ਕਿ ਦੂਜੇ ਰਾਜਾਂ ਵਿੱਚ ਦਸਾਂ ਮਿੰਟਾਂ ਦੇ ਵਿੱਚ ਗੱਡੀ ਦੇ ਕਾਗਜ਼ਾਤ ਪੂਰੇ ਕਰ ਦਿੱਤੇ ਜਾਂਦੇ ਹਨ। ਪਹਿਲਾਂ ਟਰੱਕ ਮਾਲਕ ਟਰੱਕ ਯੂਨੀਅਨ ਵਿੱਚ ਨਾਅਰੇਬਾਜ਼ੀ ਕਰਦੇ ਹੋਏ ਸਥਾਨਕ ਉਪ ਮੰਡਲ ਮਜਿਸਟਰੇਟ ਦਫਤਰ ਮੂਹਰੇ ਪੁੱਜੇ ਜਿੱਥੇ ਪੰਜਾਬ ਸਰਕਾਰ ਦੀ ਅਰਥੀ ਫੂਕੀ ਅਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਇਸ ਮੌਕੇ ਤੇ ਕਾਮਰੇਡ ਸੁਰਜੀਤ ਸਿੰਘ ਢੇਰ, ਹਰਜਾਪ ਸਿੰਘ ਹਾਜੀਪੁਰ, ਨਰਿੰਦਰ ਰਾਣਾ, ਸਰਪੰਚ ਦਵਿੰਦਰ ਪਾਠਕ, ਮਨੋਜ ਕੁਮਾਰ, ਚੰਨਣ ਸਿੰਘ, ਸ਼ੈਂਟੀ, ਸੋਮੀ ਪੂਰੀ,ਅਜੇ ਰਾਣਾ, ਬਲਵੰਤ ਕੁਮਾਰ, ਜੀਤੀ, ਸੰਗਤ ਸਿੰਘ ਕਾਕਾ, ਵਿੱਕੀ, ਦੀਪੂ ਬੰਦਲੈਹੜੀ ,ਮੋਨੂ ਰਾਣਾ, ਨੋਨੀ ਪੂਰੀ, ਅੰਕੁਸ਼ ਕੁਮਾਰ ਸਮੇਤ ਹੋਰ ਟਰੱਕ ਮਾਲਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਫਿਲੌਰ ਵਿਖੇ ਪਹਿਲੇ ਪੜਾਅ ਦੀ ਟ੍ਰੇਨਿੰਗ ਮੁਕੰਮਲ, 384 ਪੁਲਸ ਸਟੇਸ਼ਨਾਂ ਨੂੰ ਕੀਤਾ ਜਾਵੇਗਾ ਕਵਰ

ਚੰਡੀਗੜ੍ਹ, (ਗੁਰਜੀਤ ਬਿੱਲਾ)

ਪੰਜਾਬ ਪੁਲਿਸ ਵੱਲੋਂ ਇਤਿਹਾਸਕ ਪਹਿਲਕਦਮੀ ਵਿੱਚ 'ਮੇਨਸਟ੍ਰੀਮਿੰਗ ਆਫ਼ ਵੂਮਨ ਪੁਲਸ' ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਸੂਬੇ ਭਰ ਵਿੱਚ ਮਹਿਲਾ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਅਤੇ ਏਕੀਕਰਨ ਦਾ ਵਿਆਪਕ ਮੁਲਾਂਕਣ ਕਰਨਾ ਅਤੇ ਇਸ ਨੂੰ ਹੋਰ ਬਿਹਤਰ ਬਣਾਉਣਾ ਹੈ। ਇਹ ਪ੍ਰੋਜੈਕਟ 2 ਤੋਂ 4 ਦਸੰਬਰ, 2025 ਤੱਕ ਪੰਜਾਬ ਪੁਲਿਸ ਅਕੈਡਮੀ (ਪੀਪੀਏ), ਫਿਲੌਰ ਵਿਖੇ ਕਰਵਾਏ ਤਿੰਨ ਦਿਨਾਂ ਟ੍ਰੇਨਿੰਗ ਆਫ਼ ਟ੍ਰੇਨਰਜ਼ (ਟੀਓਟੀ) ਪ੍ਰੋਗਰਾਮ ਨਾਲ ਸ਼ੁਰੂ ਕੀਤਾ ਗਿਆ।ਟੀਓਟੀ ਪ੍ਰੋਗਰਾਮ ਪੰਜਾਬ ਪੁਲਿਸ ਦੇ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ) ਵਿੰਗ ਦੁਆਰਾ ਹਾਰਟੇਕ ਫਾਊਂਡੇਸ਼ਨ ਦੀ ਸਾਂਝੇਦਾਰੀ ਨਾਲ ਕੀਤਾ ਗਿਆ ਸੀ। ਇਸ ਸੈਸ਼ਨ ਦੌਰਾਨ ਲਗਭਗ 60 ਮਾਸਟਰ ਟ੍ਰੇਨਰਾਂ ਨੂੰ ਸਿਖਲਾਈ ਦਿੱਤੀ ਗਈ, ਜਿਨ੍ਹਾਂ ਵਿੱਚ ਪੰਜਾਬ ਦੇ 13 ਜ਼ਿਲ੍ਹਿਆਂ ਤੋਂ ਚਾਰ ਸੀਨੀਅਰ ਪੁਲਿਸ ਅਧਿਕਾਰੀ ਸ਼ਾਮਲ ਸਨ। ਇਹ ਅਧਿਕਾਰੀ ਹੁਣ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਸਿਖਲਾਈ ਦੇਣ ਲਈ ਜ਼ਿੰਮੇਵਾਰ ਹੋਣਗੇ।ਇਸ ਪਹਿਲਕਦਮੀ ਦੀ ਮਹੱਤਤਾ ਨੂੰ ਸੰਬੋਧਨ ਕਰਦਿਆਂ ਵਿਸ਼ੇਸ਼ ਡੀ ਜੀ ਪੀ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀ ਏ ਡੀ) ਗੁਰਪ੍ਰੀਤ ਕੌਰ ਦਿਓ ਨੇ ਕਿਹਾ ਕਿ ਇਹ ਅਹਿਮ ਪ੍ਰੋਜੈਕਟ

'ਮੇਨਸਟ੍ਰੀਮਿੰਗ ਆਫ਼ ਵੂਮਨ ਪੁਲਸ' ਪ੍ਰੋਜੈਕਟ ਦੇ ਹਿੱਸੇ ਵਜੋਂ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਭਾਰਤ ਸਰਕਾਰ ਦੇ ਮਹਿਲਾ ਹੈਲਪਡੈਸਕ ਪ੍ਰੋਜੈਕਟ ਦੇ ਦੇਸ਼ ਵਿਆਪੀ ਸਫਲਤਾ ਦੇ ਅਧਾਰ 'ਤੇ ਇੱਕ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿੱਥੇ ਪੰਜਾਬ ਦੇ 384 ਪੁਲਿਸ ਸਟੇਸ਼ਨਾਂ ਦੇ ਹਰੇਕ ਪੁਲਿਸ ਸਟੇਸ਼ਨ ਵਿੱਚ ਦੋ-ਦੋ ਮਹਿਲਾ ਅਧਿਕਾਰੀਆਂ ਨੂੰ ਤਾਇਨਾਤ ਕੀਤਾ ਗਿਆ ਹੈ।ਇਸ ਪ੍ਰੋਜੈਕਟ ਤਹਿਤ ਸੂਬੇ ਦੇ 288 ਪੁਲਿਸ ਸਟੇਸ਼ਨ ਇੱਕ ਰਾਜ ਵਿਆਪੀ ਸਿਖਲਾਈ ਪ੍ਰੋਗਰਾਮ ਵਿੱਚ ਹਿੱਸਾ ਲੈਣਗੇ, ਜਿਸ ਵਿੱਚ ਪੀਪੀਏ, ਫਿਲੌਰ ਅਤੇ ਇੱਕ ਐਨਜੀਓ ਹਾਰਟੇਕ ਫਾਊਂਡੇਸ਼ਨ ਦੀ ਭਾਈਵਾਲੀ ਵਿੱਚ ਸੀਏਡੀ ਵਿੰਗ ਦੁਆਰਾ ਸਿਖਲਾਈ ਪ੍ਰਾਪਤ ਲਗਭਗ 100-120 ਮਾਸਟਰ ਟ੍ਰੇਨਰ ਸੂਬੇ ਭਰ ਦੇ ਸਾਰੇ 288 ਪੁਲਿਸ ਸਟੇਸ਼ਨਾਂ ਵਿੱਚ ਸਿਖਲਾਈ ਦੇਣਗੇ।

ਬਸਪਾ ਉਮੀਦਵਾਰਾਂ ਨੇ ਤਿੰਨ ਜ਼ਿਲ੍ਹਾ ਪ੍ਰੀਸ਼ਦ ਤੇ 10 ਬਲਾਕ ਸੰਮਤੀ ਦੇ ਪੇਪਰ ਦਾਖਲ ਕੀਤੇ

ਬੰਗਾ (ਅਵਤਾਰ ਕਲੇਰ)

ਬੰਗਾ ਬਹੁਜਨ ਸਮਾਜ ਪਾਰਟੀ ਵਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਵਲੋਂ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਜ਼ੋਨ ਇੰਚਾਰਜ ਦੀ ਅਗਵਾਈ ਵਿੱਚ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਕੁਲਥਮ ਤੋਂ ਹਰਪ੍ਰੀਤ ਕੌਰ ਪਤਨੀ ਹਰਜਿੰਦਰ ਜੰਡਿਆਲੀ ਮੈਂਬਰ ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਮੁਕੰਦਪੁਰ ਤੋਂ ਸੱਤਪਾਲ ਰਟੈਂਡਾ, ਜ਼ਿਲ੍ਹਾ ਪ੍ਰੀਸ਼ਦ ਖਟਕੜ ਕਲਾਂ ਤੋਂ ਪਰਮਜੀਤ ਦੋਸਾਂਝ, ਬਲਾਕ ਸੰਮਤੀ ਖੋਥੜਾਂ ਤੋਂ ਰੇਖਾ ਰਾਣੀ, ਮੇਹਲੀ ਤੋਂ ਪ੍ਰਭਜੋਤ, ਮੰਢਾਲੀ ਤੋਂ ਚਰਨਜੀਤ ਮੰਢਾਲੀ, ਬਹਿਰਾਮ ਤੋਂ ਪਰਮਜੀਤ ਕੌਰ ਸਾਬਕਾ ਸਰਪੰਚ ਬਹਿਰਾਮ, ਬੀਸਲਾ ਤੋਂ ਸਰਬਜੀਤ ਕੌਰ, ਭਰੋਮਜਾਰਾ ਤੋਂ ਸੁਰਿੰਦਰ, ਹਕੀਮਪੁਰ ਤੋਂ ਜੀਵਨ, ਰਹਿਪਾ, ਬਖਲੌਰ ਤੋਂ ਸੁਰਿੰਦਰ ਬਖਲੌਰ, ਸਾਹਲੋਂ ਤੋਂ ਵਰਿੰਦਰ ਕੁਮਾਰ ਤੇ ਗੁਣਾਚੌਰ ਤੋਂ ਵਿਜੇ ਗੁਣਾਚੌਰ ਦੇ ਪੇਪਰ ਦਾਖਲ ਕੀਤੇ। ਬਸਪਾ ਆਗੂ ਪ੍ਰਵੀਨ ਬੰਗਾ ਨੇ ਆਖਿਆ ਕਿ ਇਨਕਲਾਬੀਆਂ

27.63 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਸ਼ੁਰੂ ਕਰਾਏ : ਵਿਧਾਇਕ ਰਾਏ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਨਗਰ ਕੌਂਸਲ ਸਰਹਿੰਦ ਦੇ ਅਧੀਨ ਆਉਂਦੇ ਵਾਰਡ ਨੰਬਰ 13 ਤੇ 05 ਦੇ ਵਿੱਚ ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ 27 ਲੱਖ 63000 ਦੀ ਲਾਗਤ ਦੇ ਨਾਲ ਵਿਕਾਸ ਕਾਰਜ ਸ਼ੁਰੂ ਕਰਾਇਆ ਗਿਆ। ਕਾਰਜ ਦੇ ਸ਼ੁਰੂ ਹੋਣ ਨਾਲ ਜਿੱਥੇ ਇਲਾਕਾ ਨਿਵਾਸੀ ਖੁਸ਼ ਹਨ, ਉੱਥੇ ਹੀ ਦੁਕਾਨਦਾਰਾਂ ਦੇ ਵਿੱਚ ਵੀ ਖੁਸ਼ੀ ਦੇਖਣ ਨੂੰ ਮਿਲੀ।ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਸਰਹਿੰਦ ਦੇ ਵਾਰਡ 13 ਤੇ 05 ਦੇ ਰਸਤਿਆਂ ਨੂੰ (ਜਿਹੜੇ ਰੇਲਵੇ ਓਵਰ ਬ੍ਰਿਜ ਬ੍ਰਾਹਮਣ ਮਾਜਰਾ ਦੇ ਦੋਨੇ ਸਾਈਡਾਂ 'ਤੇ ਜਾਂਦੇ ਹਨ) ਵਧੀਆ ਬਣਾਉਣ ਦੇ ਲਈ ਜਿੱਥੇ ਅੰਡਰਗਰਾਊਂਡ ਪਾਈਪਲਾਈਨ ਪਾ ਕੇ ਬਰਸਾਤੀ ਪਾਣੀ ਦਾ ਪ੍ਰਬੰਧ ਕੀਤਾ ਗਿਆ ਹੈ, ਉੱਥੇ ਹੀ ਇੰਟਰਲੋਕ ਟਾਈਲਾਂ ਦੇ ਨਾਲ ਦੋਵੇਂ ਰਸਤਿਆਂ ਨੂੰ ਪੱਕਾ ਕੀਤਾ ਜਾਵੇਗਾ।ਇਨ੍ਹਾਂ ਰਸਤਿਆਂ ਦੇ ਬਣਨ ਨਾਲ ਜਿੱਥੇ ਆਉਣ ਜਾਣ ਦੇ ਵਿੱਚ ਆਸਾਨੀ ਹੋਵੇਗੀ, ਉੱਥੇ ਹੀ ਬਰਸਾਤੀ ਪਾਣੀ ਤੋਂ ਨਿਜਾਤ ਮਿਲੇਗੀ।ਉਨ੍ਹਾਂ ਉਨ੍ਹਾਂ ਕਿਹਾ ਕਿ ਭਗਵੰਤ ਮਾਨ ਵੱਲੋਂ ਜਦੋਂ ਤੋਂ ਸੱਤਾ ਸੰਭਾਲੀ ਗਈ ਹੈ, ਉਦੋਂ ਤੋਂ ਹੁਣ ਤੱਕ ਵਿਕਾਸ ਕਾਰਜਾਂ ਦੀ ਰਫਤਾਰ ਨੂੰ ਰੁਕਣ ਨਹੀਂ ਦਿੱਤਾ ਗਿਆ।ਹਲਕਾ ਫਤਿਹਗੜ੍ਹ ਸਾਹਿਬ ਦੇ ਵਿੱਚ ਵਿਕਾਸ ਕਾਰਜ ਨਿਰੰਤਰ ਜਾਰੀ ਹਨ।ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਵਿੱਚ ਹਲਕਾ ਵਾਸੀਆਂ ਨੂੰ ਵਿਕਾਸ ਦੇ ਅਧਾਰ ਤੇ ਆਪਣੀ ਵੋਟ ਦੇਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਿੱਤਣ ਨਾਲ ਪਾਰਟੀ ਦੀ ਤਾਕਤ ਹੋਰ ਵਧੇਗੀ ਅਤੇ ਕੰਮ ਕਰਨ ਦੇ ਵਿੱਚ ਤੇਜ਼ੀ ਆਵੇਗੀ।

ਸਲਾਈਟ 'ਚ ਸਿਵਲ ਹਸਪਤਾਲ ਦੇ ਸਹਿਯੋਗ ਨਾਲ ਖੂਨਦਾਨ ਕੈਂਪ

ਲੌਂਗੋਵਾਲ (ਪ੍ਰਦੀਪ ਸੱਪਲ)-ਸੰਤ ਲੋਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਸਲਾਈਟ) ਵਿਖੇ ਸਿਵਲ ਹਸਪਤਾਲ ਸੰਗਰੂਰ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ।ਇਹ ਕੈਂਪ ਸੰਸਥਾ ਦੇ ਹੈਲਥ ਸੈਂਟਰ ਤੇ ਸਲਾਈਟ ਐਨ ਐਸ ਐਸ ਯੂਨਿਟ ਦੁਆਰਾ ਸਾਂਝੇ ਤੌਰ 'ਤੇ ਸਨਮਾਨਤ ਕੀਤਾ ਗਿਆ ਸੀ, ਜਿਸ ਵਿੱਚ ਵਿਦਿਆਰਥੀਆਂ, ਸਟਾਫ ਤੇ ਫੈਕਲਟੀ ਮੈਂਬਰਾਂ ਨੇ ਉਤਸ਼ਾਹਪੂਰਵਕ ਭਾਗ ਲਿਆ।ਕੈਂਪ ਦੀ ਸ਼ੁਰੂਆਤ ਸਵੇਰੇ 10 ਵਜੇ ਸਿਵਲ ਹਸਪਤਾਲ ਦੀ ਸੀਨੀਅਰ ਮੈਡੀਕਲ ਟੀਮ, ਜਿਸਦੀ ਅਗਵਾਈ ਡਾ. ਪੱਲਵੀ ਗਾਰਗ ਬੀ.ਟੀ.ਓ. ਕਰ ਰਹੇ ਸਨ ਤੇ ਸਲਾਈਟ ਦੇ ਡਾਇਰੈਕਟਰ ਪ੍ਰੋ. ਮਣਿਕਾਂਤ ਪਾਸਵਾਨ ਤੇ ਹੋਰ ਸੰਸਥਾ ਅਧਿਕਾਰੀਆਂ ਦੇ ਆਗਮਨ ਨਾਲ ਹੋਈ। ਸਵੈ-ਇੱਛਕ ਖੂਨਦਾਨ ਦੀ ਮਹੱਤਤਾ ਬਾਰੇ ਛੋਟੀ ਜਾਣ-ਪਛਾਣ ਤੋਂ ਬਾਅਦ ਮੈਡੀਕਲ ਟੀਮ ਨੇ ਸਕ੍ਰੀਨਿੰਗ ਅਤੇ ਦਾਨ ਪ੍ਰਕਿਰਿਆ ਸ਼ੁਰੂ ਕੀਤੀ।ਦਿਨ ਭਰ ਦੌਰਾਨ ਵਲੰਟੀਅਰਾਂ ਦੀ ਲਗਾਤਾਰ ਆਮਦ ਰਹੀ ਜਿਹੜੇ ਇਸ ਮਨੁੱਖਤਾ ਭਰਪੂਰ ਕਾਰਜ ਵਿੱਚ ਯੋਗਦਾਨ ਪਾਉਣ ਲਈ ਉਤਸੁਕ ਸਨ।ਆਯੋਜਕਾਂ ਅਨੁਸਾਰ ਲਗਭਗ 42 ਖੂਨਦਾਨੀਆਂ ਨੇ ਹਿੱਸਾ ਲਿਆ ਤੇ 42 ਯੂਨਿਟ ਖੂਨ ਇਕੱਠਾ ਕੀਤਾ ਗਿਆ।ਕੈਂਪ ਦੌਰਾਨ ਸਖ਼ਤ ਸਿਹਤ ਤੇ ਸੁਰੱਖਿਆ ਪ੍ਰੋਟੋਕੋਲਾਂ ਦੀ ਪਾਲਣਾ ਕੀਤੀ ਗਈ, ਜਿਸ ਵਿੱਚ ਸਹੀ ਸਫਾਈ, ਮੈਡੀਕਲ ਰਹਿਨੁਮਾਈ ਤੇ ਦਾਨ ਮਗਰੋਂ ਦੀ ਦੇਖਭਾਲ ਸ਼ਾਮਲ ਸੀ।ਸੰਸਥਾ ਦੇ ਅਧਿਕਾਰੀਆਂ ਨੇ ਐਨ ਐਸ ਐਸ ਕੈਡੇਟਾਂ ਤੇ ਏ ਐਨ ਓ ਲੈਫਟੀਨੈਂਟ ਡਾ. ਬਰਸ਼ਾ ਮਾਲੀ ਦੇ ਅਨੁਸ਼ਾਸਿਤ ਯਤਨਾਂ ਦੀ ਸਰਾਹਨਾ ਕੀਤੀ, ਜਿਨ੍ਹਾਂ ਰਜਿਸਟ੍ਰੇਸ਼ਨ ਤੇ ਦਾਨ ਦੇਣ ਵਾਲਿਆਂ ਨੂੰ ਰਹਿਨੁਮਾਈ ਪ੍ਰਦਾਨ ਕੀਤੀ।ਹੈਲਥ ਸੈਂਟਰ ਦੇ ਸਟਾਫ, ਜਿਸਦੀ ਅਗਵਾਈ ਡਾ. ਸੁਸ਼ਮਾ ਗੁਪਤਾ ਚੇਅਰਪਰਸਨ ਤੇ ਡਾ. ਰੁਪੇਸ਼ ਸਿੰਘ, ਮੈਡੀਕਲ ਅਧਿਕਾਰੀ ਕਰ ਰਹੇ ਸਨ, ਨੇ ਵੀ ਮੈਡੀਕਲ ਸਮਨਵਯ ਨੂੰ ਯਕੀਨੀ ਬਣਾਇਆ, ਜਿਸ ਨਾਲ ਕੈਂਪ ਸੁਚਾਰੂ ਅਤੇ ਬਿਨ੍ਹਾਂ ਰੁਕਾਵਟ ਚੱਲਦਾ ਰਿਹਾ।

ਸਰਕਾਰਾਂ ਦੀਆਂ ਨਾਕਾਮੀਆਂ ਕਾਰਨ ਅੰਗਹੀਣ ਗ਼ੁਰਬਤ ਭਰਿਆ ਜੀਵਨ ਬਤੀਤ ਕਰਨ ਲਈ ਮਜਬੂਰ : ਅਵਿਨਾਸ਼ ਸ਼ਰਮਾ

ਮਾਨਸਾ (ਆਤਮਾ ਸਿੰਘ ਪਮਾਰ)-ਫਿਜੀਕਲੀ ਹੈਂਡੀਕੈਪਡ ਐਸੋਸੀਏਸ਼ਨ ਜ਼ਿਲ੍ਹਾ ਇਕਾਈ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਆਰਪੀਡਬਲਯੂਡੀ ਐਕਟ ਨੂੰ ਇਨਬਿਨ ਲਾਗੂ ਕਰਕੇ ਐਕਟ ਮੁਤਾਬਕ ਬਣਦੀਆਂ ਸਹੂਲਤਾਂ ਦੇਵੇ।ਐਸੋਸੀਏਸ਼ਨ ਦੇ ਜਿਲ੍ਹਾ ਪ੍ਰਧਾਨ ਅਵਿਨਾਸ਼ ਸ਼ਰਮਾ ਨੇ ਕਿਹਾ ਕਿ ਹਰ ਸਾਲ ਪੂਰੇ ਵਿਸ਼ਵ 'ਚ 3 ਦਸੰਬਰ ਨੂੰ ਅੰਤਰਰਾਸ਼ਟਰੀ ਅੰਗਹੀਣ ਦਿਹਾੜੇ ਦੇ ਤੌਰ 'ਤੇ ਮਨਾਇਆ ਜਾਂਦਾ ਹੈ ਤਾਂ ਕਿ ਅੰਗਹੀਣ ਲੋਕਾਂ ਦਾ ਮਾਣ-ਸਨਮਾਨ ਬਣਿਆ ਰਹੇ, ਪ੍ਰੰਤੂ ਇਹ ਦਿਹਾੜਾ ਵੀ ਹੋਰ ਦਿਨਾਂ ਦੀ ਤਰ੍ਹਾਂ ਸਰਕਾਰਾਂ ਵੱਲੋਂ ਕਾਗ਼ਜ਼ਾਂ 'ਚ ਹੀ ਮਨਾ ਕੇ ਖਾਨਾਪੂਰਤੀ ਕੀਤੀ ਜਾ ਰਹੀ ਹੈ।ਜਦੋਂ ਕਿ ਅੰਗਹੀਣਾਂ ਦੀਆਂ ਸਮੱਸਿਆਂਵਾਂ ਜਿਉਂ ਦੀਆਂ ਤਿਉਂ ਹੀ ਹਨ।ਉਨ੍ਹਾਂ ਦੋਸ਼ ਲਾਇਆ ਕਿ ਅੰਗਹੀਣਾਂ ਬਾਰੇ ਕਿਸੇ ਵੀ ਸਰਕਾਰ ਨੇ ਅੱਜ ਤੱਕ ਨਹੀਂ ਸੋਚਿਆ, ਜਿਸ ਕਾਰਨ ਉਹ ਸਰਕਾਰਾਂ ਦੀ ਅਣਗਹਿਲੀ ਕਰਕੇ ਦੁਸਵਾਰੀਆਂ ਭਰਿਆ ਜੀਵਨ ਬਤੀਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਸਾਸ਼ਨਿਕ ਅਧਿਕਾਰੀ ਵੀ ਉਨ੍ਹਾਂ ਦੇ ਦੁੱਖ-ਦਰਦ ਨੂੰ ਸੁਣਨਾ ਜਰੂਰੀ ਨਹੀਂ ਸਮਝਦੇ।ਉਨ੍ਹਾਂ ਕਿਹਾ ਸਰਕਾਰੀ ਹਸਪਤਾਲਾਂ 'ਚ ਮਾਹਿਰ ਡਾਕਟਰਾਂ, ਸਟਾਫ ਤੇ ਸਾਜ਼ੋ-ਸਮਾਨ ਦੇ ਪੁਖਤਾ ਪ੍ਰਬੰਧ ਨਾ ਹੋਣ ਕਰਕੇ ਵੱਡੀ ਗਿਣਤੀ 'ਚ ਅੰਗਹੀਣ ਅਪੰਗਤਾ ਸਰਟੀਫਿਕੇਟ ਵੀ ਹਾਸਲ ਨਹੀਂ ਕਰ ਸਕੇ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਗਿਆਰਾਂ ਲੱਖ ਤੋਂ ਵੀ ਵੱਧ ਅੰਗਹੀਣ ਹਨ ਤੇ 2022 ਚੋਣਾਂ ਤੋਂ ਪਹਿਲਾਂ ਅੰਗਹੀਣ ਕੋਟੇ ਅਧੀਨ ਖਾਲੀ ਪਈਆਂ ਬੈਕਲਾਗ ਦੀਆਂ ਅਸਾਮੀਆਂ ਦੀ ਭਰਤੀ ਤੇ ਤਰੱਕੀ ਸਾਰੇ ਗਰੁੱਪਾਂ ਵਿੱਚ ਵਾਧਾ ਕਰਕੇ 2500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਸਮੇਤ ਉਨ੍ਹਾਂ ਦੇ ਜੀਵਨ ਲਈ ਲੋੜੀਦੀਆਂ ਬੁਨਿਆਦੀ ਸਹੂਲਤਾਂ ਆਦਿ ਕੀਤੇ ਵਾਅਦਿਆ ਨੂੰ ਪੰਜਾਬ ਸਰਕਾਰ ਵੱਲੋਂ ਚਾਰ ਸਾਲ ਬੀਤਣ ਤੋਂ ਬਾਅਦ ਵੀ ਪੂਰਾ ਨਹੀਂ ਕੀਤਾ।ਅਜਿਹੇ ਹਾਲਾਤ ਵਿੱਚ ਅੰਤਰਰਾਸ਼ਟਰੀ ਅੰਗਹੀਣ ਦਿਹਾੜਾ ਮਨਾਉਣ ਦਾ ਕੋਈ ਅਰਥ ਨਹੀਂ ਰਹਿ ਜਾਂਦਾ।ਉਨ੍ਹਾਂ ਰੋਸ ਜ਼ਾਹਰ ਕੀਤਾ ਕਿ ਪੰਜਾਬ ਸਰਕਾਰ ਜਦੋਂ ਅੰਗਹੀਣਾਂ ਦੀਆਂ ਹੱਕੀ ਮੰਗਾਂ ਹੀ ਪੂਰੀਆਂ ਨਹੀਂ ਕਰ ਸਕਦੀ ਤਾਂ ਹੋਰ ਕਿਸੇ ਦੇ ਭਲੇ ਦੀ ਇਸ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ।

ਵਿਸ਼ਵ ਏਡਜ਼ ਜਾਗਰੂਕਤਾ ਦਿਵਸ ਮਨਾਇਆ

ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਹੁਕਮਾਂ ਅਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਡਾ. ਹਤਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਸੰਗਰੂਰ ਡਾ. ਅਮਰਜੀਤ ਕੌਰ ਦੀ ਅਗਵਾਈ ਹੇਠ ਵਿਸ਼ਵ ਏਡਜ਼ ਦਿਵਸ ਮੌਕੇ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਡਾ. ਅਮਰਜੀਤ ਕੌਰ ਨੇ ਦਸਿਆ ਕਿ ਏਡਜ਼ ਇਕ ਲਾ ਇਲਾਜ ਬਿਮਾਰੀ ਹੈ।ਇਹ ਬਿਮਾਰੀ ਪੀੜਤ ਵਿਅਕਤੀ ਨਾਲ ਅਸੁਰੱਖਿਅਤ ਸਰੀਰਕ ਸਬੰਧ ਬਣਾਉਣ ਨਾਲ, ਦੂਸ਼ਿਤ ਖੂਨ ਨਾਲ, ਸੰਕ੍ਰਮਿਤ ਸੂਈ ਜਾਂ ਬਲੇਡ ਦੇ ਇਸਤੇਮਾਲ ਨਾਲ ਤੇ ਏਡਜ਼ ਗ੍ਰਸ਼ਤ ਮਾਂ ਤੋਂ ਉਸ ਦੇ ਹੋਣ ਵਾਲੇ ਬੱਚੇ ਨੂੰ ਹੋ ਸਕਦੀ ਹੈ।ਇਸ ਬਿਮਾਰੀ ਦੌਰਾਨ ਸਰੀਰ ਵਿੱਚ ਰੋਗਾਂ ਨਾਲ ਲੜਨ ਦੀ ਸ਼ਕਤੀ ਘਟ ਜਾਂਦੀ ਹੈ, ਵਜ਼ਨ ਘਟ ਜਾਂਦਾ ਹੈ, ਲਗਾਤਾਰ ਖਾਂਸੀ, ਬਾਰ-ਬਾਰ ਜੁਕਾਮ, ਬੁਖਾਰ, ਸਿਰਦਰਦ, ਥਕਾਨ, ਹੈਜਾ, ਭੁੱਖ ਨਾ ਲੱਗਣੀ ਆਦਿ ਇਸ ਬਿਮਾਰੀ ਦੇ ਲੱਛਣ ਹਨ।ਉਨ੍ਹਾਂ ਕਿਹਾ ਕਿ ਇਹ ਲੱਛਣ ਨਜ਼ਰ ਆਉਣ 'ਤੇ ਨਜ਼ਦੀਕੀ ਸਿਹਤ ਕੇਂਦਰ ਵਿਖੇ ਏਡਜ਼ ਦੀ ਮੁਫ਼ਤ ਜਾਂਚ ਕਰਵਾਉਣੀ ਚਾਹੀਦੀ ਹੈ।ਇਸ ਮੌਕੇ ਡਾ. ਰਣਜੀਤ ਸਿੰਘ ਨੇ ਏਡਜ਼ ਦੇ ਲੱਛਣ ਸਾਹਮਣੇ ਆਉਣ 'ਤੇ ਤੁਰੰਤ ਸਿਹਤ ਕੇਂਦਰ ਨਾਲ ਸੰਪਰਕ ਕੀਤਾ ਜਾਵੇ।ਉਨ੍ਹਾਂ ਦੱਸਿਆ ਕਿ ਜਿਲ੍ਹਾ ਹਸਪਤਾਲ ਵਿੱਚ ਮੌਜੂਦ ਏ.ਆਰ.ਟੀ. ਕੇਂਦਰ 'ਤੇ ਏਡਜ਼ ਦੇ ਮਰੀਜ਼ਾਂ ਦਾ ਇਲਾਜ ਉਪਲਬਧ ਹੈ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਨੂੰ ਲੰਬਾ ਤੇ ਸੁਖਾਲਾ ਬਣਾਇਆ ਜਾ ਸਕਦਾ ਹੈ।ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਪ੍ਰਤਿਮਾ ਛਾਬੜਾ ਸਿੰਗਲਾ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਐਜੂਕੇਸ਼ਨ ਅਫਸਰ ਕਰਨੈਲ ਸਿੰਘ, ਡਿਪਟੀ ਮਾਸ ਮੀਡੀਆ ਤੇ ਐਜੂਕੇਸ਼ਨ ਇਨਫਾਰਮੇਸ਼ਨ ਅਫਸਰ ਬਲਰਾਜ ਸਿੰਘ, ਡੀ. ਸੀ. ਐੱਮ. ਦੀਪਕ ਸ਼ਰਮਾ ਤੇ ਕੇਤਨ ਗੁਪਤਾ ਹਾਜ਼ਰ ਸਨ।

ਪਟਿਆਲਾ 'ਚ ਪਲਾਸਟਿਕ ਲਿਫਾਫਿਆਂ 'ਤੇ ਪੂਰੀ ਪਾਬੰਦੀ : ਮੇਅਰ ਗੋਗੀਆ

ਪਟਿਆਲਾ (ਰਾਜਿੰਦਰ ਬਿੰਦ)-ਪਟਿਆਲਾ ਨਗਰ ਨਿਗਮ ਦਫ਼ਤਰ ਵਿਖੇ ਮੇਅਰ ਕੁੰਦਨ ਗੋਗੀਆ ਦੀ ਮੌਜੂਦਗੀ ਵਿੱਚ ਪਲਾਸਟਿਕ ਲਿਫਾਫੇ ਵੇਚਣ ਵਾਲਿਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਪਟਿਆਲਾ ਪਲਾਸਟਿਕ ਲਿਫਾਫੇ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੂੰ ਹਾਜ਼ਰ ਹੋਣ ਲਈ ਸੱਦਾ ਦਿੱਤਾ ਗਿਆ ਸੀ।ਇਸ ਦੌਰਾਨ ਮੇਅਰ ਵੱਲੋਂ ਉਨ੍ਹਾਂ ਨੂੰ ਕੜੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਪਲਾਸਟਿਕ ਲਿਫਾਫਿਆਂ ਦੀ ਵਰਤੋਂ ਪੂਰੀ ਤਰ੍ਹਾਂ ਰੋਕੀ ਜਾਵੇ, ਕਿਉਂਕਿ ਇਹ ਵਾਤਾਵਰਣ ਲਈ ਨੁਕਸਾਨਦਾਈ ਹਨ।ਪਲਾਸਟਿਕ ਲਿਫਾਫੇ ਵੇਚਣ ਵਾਲਿਆਂ ਨੇ ਮੇਅਰ ਸਾਹਿਬ ਨੂੰ ਯਕੀਨ ਦਿਵਾਇਆ ਕਿ ਉਹ ਪਲਾਸਟਿਕ ਵਾਲੇ ਲਿਫਾਫੇ ਵੇਚਣੇ ਬੰਦ ਕਰਕੇ ਹੁਣ ਕੇਵਲ ਕੰਪੋਸਟੇਬਲ ਤੇ ਬਾਇਓ-ਡੀਗਰੇਡੇਬਲ ਲਿਫਾਫੇ ਹੀ ਵਰਤਣਗੇ।ਇਹ ਕਦਮ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਹਦਾਇਤਾਂ ਦੇ ਕਾਰਣ ਹੀ ਲਿਆ ਜਾ ਰਿਹਾ ਹੈ ਤੇ ਨਿਗਮ ਵੱਲੋਂ ਇਸ ਉੱਤੇ ਪੂਰਾ ਸਹਿਯੋਗ ਦਿੱਤਾ ਜਾਵੇਗਾ।ਮੀਟਿੰਗ ਦੌਰਾਨ ਕਮਿਸ਼ਨਰ ਤੇ ਮੇਅਰ ਗੋਗੀਆ ਵੱਲੋਂ ਜ਼ਿਲ੍ਹੇ ਦੇ ਫ਼ੀਲਡ ਸਟਾਫ ਨੂੰ ਵੀ ਸਪਸ਼ਟ ਨਿਰਦੇਸ਼ ਜਾਰੀ ਕੀਤੇ ਗਏ ਕਿ ਉਹ ਪ੍ਰਦੂਸ਼ਣ ਬੋਰਡ ਦੇ ਅਧਿਕਾਰੀਆਂ ਨਾਲ ਮਿਲਜੁਲ ਕਰਕੇ ਚੈਕਿੰਗ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇ।ਉਨ੍ਹਾਂ ਵੱਲੋਂ ਵਿਸ਼ੇਸ਼ ਹਦਾਇਤ ਦਿੱਤੀ ਗਈ ਕਿ ਜਿਹੜੇ ਦੁਕਾਨਦਾਰ ਪਲਾਸਟਿਕ ਲਿਫਾਫਿਆਂ ਦੀ ਵਰਤੋਂ ਕਰਦੇ ਮਿਲਣਗੇ, ਉਨ੍ਹਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।ਮੇਅਰ ਨੇ ਕਿਹਾ ਕਿ ਪਲਾਸਟਿਕ ਪਦਾਰਥਾਂ ਦਾ ਬੇਹਿਸਾਬ ਇਸਤੇਮਾਲ ਨਾ ਸਿਰਫ਼ ਸ਼ਹਿਰ ਦੇ ਵਾਤਾਵਰਣ ਨੂੰ ਪ੍ਰਭਾਵਿਤ ਕਰ ਰਿਹਾ ਹੈ ਬਲਕਿ ਸ਼ਹਿਰ ਵਾਸੀਆਂ ਦੀਆਂ ਸਿਹਤ ਸਮੱਸਿਆਵਾਂ ਦਾ ਵੀ ਇੱਕ ਮੁੱਖ ਕਾਰਨ ਹੈ।ਇਸ ਲਈ ਸਾਰੇ ਸ਼ਹਿਰ ਵਾਸੀਆਂ ਨੂੰ ਬੇਨਤੀ ਕੀਤੀ ਗਈ ਕਿ ਪਲਾਸਟਿਕ ਦੇ ਲਿਫਾਫਿਆਂ ਦੀ ਖਰੀਦ-ਫ਼ਰੋਖ਼ਤ ਬੰਦ ਕੀਤੀ ਜਾਵੇ ਤੇ ਬਾਇਓਡੀਗਰੇਡੇਬਲ ਵਿਕਲਪਾਂ ਦੀ ਵਰਤੋਂ ਕੀਤੀ ਜਾਵੇ।ਇਸ ਮੌਕੇ ਮੀਟਿੰਗ ਵਿੱਚ ਮੇਅਰ ਤੇ ਕਮਿਸ਼ਨਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਰਹੇ।

ਟਰਾਈਡੈਂਟ ਗਰੁੱਪ ਦਾ ਮੈਗਾ ਮੈਡੀਕਲ ਕੈਂਪ ਬਣਿਆ ਮਿੰਨੀ ਸੀ ਐੱਮ ਸੀ

ਬਿਮਾਰ ਤੇ ਮਹਿੰਗੇ ਇਲਾਜ ਤੋਂ ਸੱਖਣੇ ਲੋਕਾਂ ਲਈ ਜੀਵਨ ਦੀ ਨਵੀਂ ਉਮੀਦ ਬਣ ਕੇ ਉੱਭਰਿਆ ਟਰਾਈਡੈਂਟ ਗਰੁੱਪ

ਬਰਨਾਲਾ (ਰਾਜਿੰਦਰ ਬਰਾੜ)-ਮਨੁੱਖਤਾ ਦੀ ਸੇਵਾ ਨੂੰ ਸਮਰਪਤ ਟਰਾਈਡੈਂਟ ਗਰੁੱਪ ਦੁਆਰਾ ਬਰਨਾਲਾ ਦੀ ਧਰਤੀ 'ਤੇ ਆਯੋਜਿਤ ਮੈਗਾ ਮੈਡੀਕਲ ਕੈਂਪ ਹੁਣ ਸਿਰਫ਼ ਇੱਕ ਸਿਹਤ ਪਹਿਲਕਦਮੀ ਨਹੀਂ ਰਿਹਾ, ਸਗੋਂ ਇਹ ਦੁਖੀ ਤੇ ਬਿਮਾਰ ਲੋਕਾਂ ਲਈ ਜੀਵਨ ਦੀ ਨਵੀਂ ਉਮੀਦ ਬਣ ਕੇ ਉੱਭਰਿਆ ਹੈ।ਬੀਤੀ 29 ਅਕਤੂਬਰ ਤੋਂ ਸ਼ੁਰੂ ਹੋਏ ਇਸ ਸਿਹਤ ਮਹਾਂਕੁੰਭ ਦਾ ਛੇਵਾਂ ਤੇ ਆਖ਼ਰੀ ਪੜਾਅ ਸਮਾਪਤੀ ਵੱਲ ਵੱਧ ਰਿਹਾ ਹੈ।ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚ ਰਹੇ ਲੋੜਵੰਦ ਮਰੀਜ਼ਾਂ ਲਈ ਇਹ ਕੈਂਪ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ।ਇੱਥੇ ਮਰੀਜ਼ਾਂ ਨੂੰ ਸੀ.ਐੱਮ.ਸੀ. ਹਸਪਤਾਲ ਲੁਧਿਆਣਾ ਵਰਗੇ ਨਾਮਵਰ ਅਦਾਰੇ ਦੇ ਉੱਚ-ਪੱਧਰੀ ਮਾਹਰ ਡਾਕਟਰਾਂ ਵੱਲੋਂ ਨਾ ਸਿਰਫ਼ ਮੁਫ਼ਤ ਸਲਾਹ ਦਿੱਤੀ ਜਾ ਰਹੀ ਹੈ, ਸਗੋਂ ਲੋੜੀਂਦੀਆਂ ਦਵਾਈਆਂ ਵੀ ਮੁਫ਼ਤ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਕੈਂਪ ਵਿੱਚ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਨੇ ਇਸ ਨੂੰ ਮਿੰਨੀ ਸੀ.ਐੱਮ.ਸੀ. ਹਸਪਤਾਲ ਦਾ ਦਰਜਾ ਦਿੰਦਿਆਂ ਕਿਹਾ ਕਿ ਸਾਨੂੰ ਤਾਂ ਇੱਥੇ ਆ ਕੇ ਇੰਝ ਲੱਗ ਰਿਹਾ ਹੈ ਜਿਵੇਂ ਅਸੀਂ ਸੀ.ਐੱਮ.ਸੀ. ਹਸਪਤਾਲ ਲੁਧਿਆਣਾ ਵਿੱਚ ਹੀ ਆ ਗਏ ਹੋਈਏ, ਕਿਉਂਕਿ ਸਾਫ਼ ਸੁਥਰੇ ਪ੍ਰਬੰਧ ਤੇ ਮਾਹਰ ਡਾਕਟਰਾਂ ਦੀ ਬਦੌਲਤ ਸਾਨੂੰ ਇਲਾਜ ਕਰਵਾਉਣ 'ਚ ਕੋਈ ਅੰਕੜ ਨਹੀਂ ਆਈ ਤੇ ਵਧੀਆ ਇਲਾਜ ਮਿਲਿਆ, ਉਹ ਵੀ ਮੁਫ਼ਤ 'ਚ।ਇਸ ਮਹਾਨ ਮੈਡੀਕਲ ਕੈਂਪ ਦੀ ਸਫ਼ਲਤਾ ਵਿੱਚ ਮਰੀਜ਼ਾਂ ਨੇ ਕੈਂਪ ਦੇ ਸ

6-Dec-PAGE-11-Dec-25-Final-25.qxd 12/5/2025 11:08 PM Page 1

ਸੰਘਰਸ਼ੀ ਕਿਸਾਨਾਂ ਅਤੇ ਮਜ਼ਦੂਰਾਂ ਨੇ ਸੋਹਲ (ਧਾਰੀਵਾਲ) ਰੇਲਵੇ ਟਰੈਕ 'ਤੇ ਰੇਲਾਂ ਰੋਕੀਆਂ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਅੰਮ੍ਰਿਤਸਰ-ਪਠਾਨਕੋਟ ਰੇਲਵੇ ਮਾਰਗ ਉਪਰ ਜ਼ਿਲ੍ਹਾ ਗੁਰਦਾਸਪੁਰ ਅੰਦਰ ਰੇਲਵੇ ਸਟੇਸ਼ਨ ਧਾਰੀਵਾਲ ਤੋਂ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਪੈਂਦੇ ਪਿੰਡ ਸੋਹਲ ਵਿਖੇ ਫਾਟਕ ਕੋਲ ਰੇਲਵੇ ਟਰੈਕ 'ਤੇ ਵੱਡੀ ਗਿਣਤੀ ਕਿਸਾਨ ਮਜ਼ਦੂਰਾਂ ਨੇ ਕਿਸ਼ਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਆਗੂ ਹਰਵਿੰਦਰ ਸਿੰਘ ਮਸਾਣੀਆਂ ਦੀ ਅਗਵਾਈ ਹੇਠ ਇਕ ਵਜੇ ਤੋਂ 4 ਵਜੇ ਤੱਕ ਤਿੰਨ ਘੰਟੇ ਲਈ ਰੇਲਾਂ ਰੋਕੀਆਂ ਅਤੇ ਕੇਂਦਰ ਤੇ ਸੂਬਾ ਸਰਕਾਰ ਖਿਲਾਫ਼ ਰੋਸ ਪ੍ਰਗਟ ਕਰਦਿਆਂ ਨਾਅਰੇਬਾਜ਼ੀ ਕੀਤੀ। ਇਸ ਰੇਲ ਰੋਕੋ ਧਰਨੇ ਵਿੱਚ ਸੂਬਾ ਆਗੂ ਹਰਵਿੰਦਰ ਸਿੰਘ ਮਸਾਣੀਆਂ, ਕੈਪਟਨ ਸਮਿੰਦਰ ਸਿੰਘ, ਗੁਰਮੁਖ ਸਿੰਘ, ਹਰਚਰਨ ਸਿੰਘ, ਸੁਖਜਿੰਦਰ ਸਿੰਘ, ਹਰਭਜਨ ਸਿੰਘ, ਪਰਮਿੰਦਰ ਸਿੰਘ, ਗੁਰਪ੍ਰੀਤ ਨਾਨੋਵਾਲ, ਕਵਲਜੀਤ ਸਿੰਘ, ਹਰਜੀਤ ਸਿੰਘ, ਜਤਿੰਦਰ ਵਰਿਆ ਸਮੇਤ ਵੱਡੀ ਗਿਣਤੀ ਕਿਸਾਨ ਮਜ਼ਦੂਰ ਤੇ ਬੀਬੀਆਂ ਸ਼ਾਮਲ ਸਨ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਕਿਸਾਨਾਂ ਮਜ਼ਦੂਰਾਂ ਦੇ ਸੰਘਰਸ਼ ਨੂੰ ਫੇਲ੍ਹ ਕਰਨ ਲਈ ਅੱਜ ਤੜਕਸਾਰ ਪੁਲੀਸ ਨੇ ਇਲਾਕੇ ਅੰਦਰ ਜਥੇਬੰਦੀ ਦੇ ਆਗੂਆਂ ਦੇ ਘਰਾਂ 'ਤੇ ਛਾਪਾਮਾਰੀ ਕੀਤੀ, ਪਰ ਪਹਿਲਾਂ ਹੀ ਆਗੂ ਆਪਣੇ ਘਰਾਂ ਤੋਂ ਬਾਹਰ ਗੁਪਤ ਟਿਕਾਣਿਆਂ 'ਤੇ ਛਿੱਪ ਗਏ ਸਨ। ਭਾਵੇਂ ਕਿ ਪੁਲੀਸ ਪ੍ਰਸ਼ਾਸ਼ਨ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਅੰਦਰ ਕਿਸਾਨ ਮਜ਼ਦੂਰਾਂ ਦੇ ਰੇਲ ਰੋਕੋ ਸੰਘਰਸ਼ ਨੂੰ ਫੇਲ੍ਹ ਕਰਨ ਲਈ ਬਟਾਲਾ, ਧਾਰੀਵਾਲ, ਗੁਰਦਾਸਪੁਰ ਆਦਿ ਸਮੇਤ ਹੋਰ ਸ਼ਹਿਰਾਂ ਅਤੇ ਕਈ ਥਾਵਾਂ 'ਤੇ ਪੂਰਾ ਜ਼ੋਰ ਦਿੱਤਾ ਗਿਆ, ਪਰ ਆਖਿਰ ਪਿੰਡਾਂ ਰਾਹੀਂ ਵੱਡੀ ਗਿਣਤੀ ਕਿਸਾਨ ਮਜ਼ਦੂਰ ਪੁਲਸ ਤੋਂ ਅੱਖ ਬਚਾਅ ਕੇ ਧਾਰੀਵਾਲ ਇਲਾਕੇ ਅੰਦਰ ਰੇਲਵੇ ਸਟੇਸ਼ਨ ਸੋਹਲ ਨੇੜੇ ਰੇਲਵੇ ਟਰੈਕ ਉਪਰ ਇਕ ਵਜੇ ਰੇਲ ਰੋਕੋ ਧਰਨਾ ਲਾਉਣ ਕਾਮਯਾਬ ਹੋ ਗਏ ਅਤੇ ਜ਼ਿਲ੍ਹੇ ਦੇ ਹੋਰ ਕਿਸਾਨ ਮਜ਼ਦੂਰ ਵੀ ਵਿਉਂਤਬੰਦੀ ਕਰਕੇ ਇਥੇ ਹੀ ਧਰਨੇ ਵਿੱਚ ਪਹੁੰਚ ਗਏ। ਪੁਲਸ ਪ੍ਰਸ਼ਾਸਨ ਨੂੰ ਇਸਦੀ ਸੂਚਨਾ ਮਿਲਣ ਤੋਂ ਪਹਿਲਾਂ ਹੀ ਰੇਲਵੇ ਟਰੈਕ 'ਤੇ ਕਿਸਾਨਾਂ, ਮਜ਼ਦੂਰਾਂ ਦੀ ਗਿਣਤੀ ਕਾਫੀ ਵੱਧ ਗਈ ਅਤੇ ਪੁਲਸ ਪ੍ਰਸ਼ਾਸਨ ਕਿਸਾਨ ਮਜ਼ਦੂਰਾਂ ਦੇ ਰੇਲ ਰੋਕੋ ਸੰਘਰਸ਼ ਨੂੰ ਫੇਲ੍ਹ ਕਰਨ ਵਿੱਚ ਨਾਕਾਮ ਰਿਹਾ। ਧਰਨਾਕਾਰੀ ਬੁਲਾਰਿਆਂ ਨੇ ਕੇਂਦਰ ਸਰਕਾਰ ਦੇ ਬਿਜਲੀ ਐਕਟ-2025 ਨੂੰ ਰੱਦ ਕਰਨ, ਨਿੱਜੀਕਰਨ ਬੰਦ ਕਰਨ, ਪ੍ਰੀ-ਪੇਡ ਬਿਜਲੀ ਮੀਟਰ ਨਾ ਲਾਉਣ ਅਤੇ ਸ਼ੰਭੂ ਅਤੇ ਖਿਨੌਰੀ ਬਾਰਡਰ 'ਤੇ ਕਿਸਾਨਾਂ ਦੇ ਕਰੋੜਾਂ ਰੁਪਏ ਦੇ ਟਰੈਕਟਰ-ਟਰਾਲੀਆਂ ਆਦਿ ਕੀਤੇ ਨੁਕਸਾਨ ਦੀ ਭਰਪਾਈ ਕਰਨ ਆਦਿ ਸਮੇਤ ਹੋਰ ਮੰਗਾਂ ਦੀ ਪੂਰਤੀ ਦੀ ਮੰਗ ਕੀਤੀ ਅਤੇ ਕਿਸਾਨ ਮਜ਼ਦੂਰ ਆਗੂਆਂ ਦੇ ਘਰਾਂ ਤੇ ਛਾਪਾਮਾਰੀ ਦੀ ਨਿਖੇਧੀ ਕੀਤੀ। ਰੇਲ ਰੋਕੋ ਸੰਘਰਸ਼ ਨੂੰ ਫੇਲ ਕਰਨ ਜ਼ਿਲ੍ਹੇ ਅੰਦਰ ਤੜਕਸਾਰ ਗ੍ਰਿਫਤਾਰ ਕੀਤੇ ਕੁੱਝ ਆਗੂਆਂ ਨੂੰ ਛੁਡਾਉਣ ਦੀ ਮੰਗ ਨੂੰ ਲੈ ਕੇ ਦੋ ਘੰਟੇ ਦੀ ਬਜਾਏ ਲਗਭਗ ਤਿੰਨ ਘੰਟੇ ਬਾਅਦ ਰੇਲ ਧਰਨਾ ਚੁੱਕਿਆ।

ਬਲਾਕ ਸੰਮਤੀ ਚੋਣਾਂ ਲਈ ਮਜੀਠਾ ਜ਼ੋਨ ਤੋਂ ਦੂਸਰੇ ਦਿਨ 16 ਨਾਮਜ਼ਦਗੀਆਂ ਦਾਖ਼ਲ

ਮਜੀਠਾ (ਸੋਇਮ ਆਨੰਦ)-ਹਲਕਾ ਮਜੀਠਾ ਦੇ ਜ਼ੋਨ ਮਜੀਠਾ ਅਧੀਨ ਬਲਾਕ ਸੰਮਤੀ ਚੋਣਾਂ ਲਈ ਦੂਸਰੇ ਦਿਨ 16 ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਭਰੇ।ਇਸ ਸਬੰਧੀ ਗੱਲਬਾਤ ਕਰਦੇ ਹੋਏ ਰਿਟਰਨਿੰਗ ਅਫਸਰ ਮਜੀਠਾ -ਕਮ-ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਖੁਸ਼ਦਿਲ ਸਿੰਘ ਨੇ ਦੱਸਿਆ ਕਿ ਬਲਾਕ ਸੰਮਤੀ ਮਜੀਠਾ ਨੂੰ ਦੋ ਜ਼ੋਨਾਂ ਵਿਚ ਵੰਡਿਆ ਗਿਆ ਹੈ ਜਿਸ ਵਿਚ ਮਜੀਠਾ ਅਤੇ ਮਜੀਠਾ-2 ਆਉਂਦੇ ਹਨ।ਮਜੀਠਾ ਵਿਚ 18 ਬਲਾਕ ਸੰਮਤੀਆਂ ਅਤੇ ਮਜੀਠਾ-2 ਵਿਚ ਕੁੱਲ 15 ਬਲਾਕ ਸੰਮਤੀਆਂ ਹਨ।ਬੁੱਧਵਾਰ ਦਾਖਲ ਹੋਏ ਨਾਮਜ਼ਦਗੀ ਪੱਤਰਾਂ ਵਿਚ ਮਜੀਠਾ ਜ਼ੋਨ ਵਿਚ ਕੋਟਲਾ ਗੁੱਜਰਾਂ ਔਰਤ ਜਨਰਲ ਦੇ 2, ਵਡਾਲਾ ਵੀਰਮ ਤੋਂ ਇਸਤਰੀ ਜਾਤੀ ਇੱਕ, ਗਾਲੋਵਾਲੀ ਤੋਂ ਅਨੁਸੂਚਿਤ ਜਾਤੀ ਇੱਕ, ਅਠਵਾਲ ਅਨੁਸੂਚਿਤ ਜਾਤੀ ਇੱਕ, ਜਲਾਲਪੁਰਾ ਤੋਂ ਇੱਕ, ਟਰਪਈ ਅਨੁਸੂਚਿਤ ਜਾਤੀ ਇਸਤਰੀ ਦੋ, ਵਰਿਆਮ ਨੰਗਲ ਅਨੁਸੂਚਿਤ ਜਾਤੀ ਇਸਤਰੀ ਇੱਕ, ਅਜਾਇਬ ਵਾਲੀ ਇਸਤਰੀ ਇੱਕ ਅਤੇ ਕੱਥੂਨੰਗਲ ਤੋਂ ਇੱਕ, ਨਾਗ ਕਲਾਂ ਅਨੁਸੂਚਿਤ ਜਾਤੀ ਇੱਕ, ਇਸ ਤਰ੍ਹਾਂ ਮਜੀਠਾ ਤੋਂ ਕੁਲ 12 ਉਮੀਦਵਾਰਾਂ ਨੇ ਅਤੇ ਮਜੀਠਾ-2 ਤੋਂ ਚਵਿੰਡਾ ਦੇਵੀ ਅਨੁਸੂਚਿਤ ਜਾਤੀ ਇੱਕ, ਤਲਵੰਡੀ ਦਸੌਂਧਾ ਸਿੰਘ ਇਸਤਰੀ ਤੋਂ ਦੋ, ਉਦੋਕੇ ਕਲਾਂ ਤੋਂ ਅਨੁਸੂਚਿਤ ਜਾਤੀ ਇਸਤਰੀ ਇੱਕ ਕੁੱਲ ਚਾਰ ਉਮੀਦਵਾਰਾਂ ਨੇ ਆਪੋ ਆਪਣੇ ਕਾਗਜ਼ ਦਾਖਲ ਕਰਵਾਏ। ਇਸ ਤਰ੍ਹਾਂ ਦੂਸਰੇ ਦਿਨ ਵੀ ਕੁਲ 16 ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਭਰੇ।ਇਸ ਮੌਕੇ ਗੱਲਬਾਤ ਕਰਦੇ ਹੋਏ ਰਿਟਰਨਿੰਗ ਅਫਸਰ ਖੁਸ਼ਦਿਲ ਸਿੰਘ ਨੇ ਦੱਸਿਆ ਕਿ 4 ਦਸੰਬਰ ਦਿਨ ਵੀਰਵਾਰ ਨੂੰ ਪੇਪਰ ਭਰਨ ਦਾ ਆਖਰੀ ਦਿਨ ਸੀ। 5 ਦਸੰਬਰ ਨੂੰ ਪੜਤਾਲ ਦਾ ਦਿਨ ਸੀ। 6 ਦਸੰਬਰ ਨੂੰ ਨਾਮਜ਼ਦਗੀ ਪੱਤਰ ਵਾਪਸ ਲੈਣ ਦਾ ਆਖਰੀ ਦਿਨ ਹੈ। ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਇਸ ਵਾਸਤੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।ਇਸ ਦੇ ਨਾਲ ਹੀ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਹਨ।ਕਿਸੇ ਵੀ ਵਿਅਕਤੀ ਨੂੰ ਅਮਨ ਕਾਨੂੰਨ ਨੂੰ ਆਪਣੇ ਹੱਥਾਂ ਵਿਚ ਨਹੀ ਲੈਣ ਦਿੱਤਾ ਜਾਵੇਗਾ।ਨਾਮਜ਼ਦਗੀ ਪੱਤਰ ਪ੍ਰਾਪਤ ਕਰਨ ਦਾ ਕੰਮ ਪੂਰੀ ਪਾਰਦਰਸ਼ਤਾ ਅਤੇ ਇਮਾਨਦਾਰੀ ਨਾਲ ਨੇਪਰੇ ਚੜ੍ਹਾਇਆ ਜਾਵੇ।

8 ਨੂੰ ਬਿਜਲੀ ਸੋਧ ਬਿੱਲ-2025 ਦੀਆਂ ਕਾਪੀਆਂ ਸਾੜੀਆਂ ਜਾਣਗੀਆਂ: ਸੰਯੁਕਤ ਕਿਸਾਨ ਮੋਰਚਾ

ਪਠਾਨਕੋਟ (ਦਵਿੰਦਰ ਸਿੰਘ)-ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਨੇਤ੍ਰ ਸਿੰਘ, ਬਲਦੇਵ ਰਾਜ ਭੋਆ, ਬਲਵੰਤ ਸਿੰਘ ਘੋਂ ਕੇਵਲ ਸਿੰਘ ਕੰਗ ਦੀ ਪ੍ਰਧਾਨਗੀ ਹੇਠ ਬਾਰਠ ਸਾਹਿਬ ਵਿਖੇ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਢਾਂਗੂ ਰੋਡ ਪਠਾਨਕੋਟ ਦੇ ਬਿਜਲੀ ਘਰ ਦੇ ਸਾਹਮਣੇ ਰੈਲੀ ਕੀਤੀ ਜਾਵੇਗੀ ਅਤੇ ਬਿਜਲੀ ਬਿੱਲ 2025 ਦੀਆਂ ਕਾਪੀਆਂ ਸਾੜੀਆਂ ਜਾਣਗੀਆਂ।

ਇਸ ਵੇਲੇ ਉਨ੍ਹਾਂ ਨਾਲ ਦਾਰਾ ਸਿੰਘ, ਗੁਰਦੀਪ ਸਿੰਘ, ਜਸਵੰਤ ਸਿੰਘ, ਬਲਵਿੰਦਰ ਸਿੰਘ, ਮਨਜੀਤ ਸਿੰਘ, ਬਲਦੇਵ ਸਿੰਘ, ਮਨਜਿੰਦਰ ਸਿੰਘ ਆਦਿ ਹਾਜ਼ਰ ਸਨ।ਇਸ ਮੀਟਿੰਗ ਵਿੱਚ ਬਿਜਲੀ ਬੋਰਡ ਦੀਆਂ ਪੈਨਸ਼ਨ ਯੂਨੀਅਨ ਵੱਲੋਂ ਬਿਕਰਮ ਜਿੱਤ ਤੇ ਹੰਸਾ ਸਿੰਘ ਹਾਜ਼ਰ ਹੋਏ।ਇਸ ਵੇਲੇ ਆਗੂਆਂ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਦਿੱਲੀ ਮੋਰਚੇ ਉਪਰੰਤ ਹੋਏ ਸਮਝੌਤੇ ਅਨੁਸਾਰ ਬਿਜਲੀ ਬਿੱਲ ਬਾਰੇ ਸਲਾਹ ਕਰਨੀ ਸੀ ਪ੍ਰੰਤੂ ਬਿਜਲੀ ਬਿੱਲ ਲਿਆਉਣ ਲਈ ਮੋਰਚੇ ਨਾਲ ਕੋਈ ਸਲਾਹ ਨਹੀਂ ਕੀਤੀ ਗਈ। ਬਿਜਲੀ ਰਾਜਾਂ ਦਾ ਵਿਸ਼ਾ ਹੈ ਪਰ ਰਾਜਾਂ ਨਾਲ ਵੀ ਬਿੱਲ ਸੰਬੰਧੀ ਕੋਈ ਮਸ਼ਵਰਾ ਨਹੀਂ ਕੀਤਾ ਗਿਆ। ਤਾਨਾਸ਼ਾਹੀ ਤਰੀਕੇ ਨਾਲ ਬਿਜਲੀ ਬਿੱਲ 2025 ਲਿਆਂਦਾ ਜਾ ਰਿਹਾ ਹੈ।ਇਸ ਨਾਲ ਬਿਜਲੀ ਵਿਭਾਗ ਨੂੰ ਪ੍ਰਾਈਵੇਟ ਸੈਕਟਰ ਨੂੰ ਦਿੱਤਾ ਜਾ ਰਿਹਾ ਹੈ।ਨਿੱਜੀਕਰਨ ਕੀਤਾ ਜਾ ਰਿਹਾ ਹੈ।ਬਿਜਲੀ ਵੰਡ ਨੂੰ ਨਿੱਜੀ ਹੱਥਾਂ ਵਿੱਚ ਦਿੱਤਾ ਜਾ ਰਿਹਾ ਹੈ ਜੋ ਕਿਸਾਨ ਵਿਰੋਧੀ ਹੈ, ਮੁਲਾਜ਼ਮ ਵਿਰੋਧੀ ਅਤੇ ਮਜ਼ਦੂਰ ਵਿਰੋਧੀ ਹੈ।ਇਹ ਬਿੱਲ ਲੋਕ ਵਿਰੋਧੀ ਹੈ।ਇਸ ਦਾ ਵਿਰੋਧ ਲੋਕਾਂ ਦੇ ਹਰ ਵਰਗ ਵੱਲੋਂ ਕੀਤਾ ਜਾਵੇਗਾ।ਇਸ ਨਾਲ ਕਿਸਾਨਾਂ ਦੀ ਮੋਟਰ ਲਈ ਮੁਫ਼ਤ ਬਿਜਲੀ ਖਤਰੇ ਵਿੱਚ ਹੋਵੇਗੀ।ਕਮਜ਼ੋਰ ਵਰਗਾਂ ਨੂੰ ਪ੍ਰਾਈਵੇਟ ਸੈਕਟਰ ਮੁਫ਼ਤ ਬਿਜਲੀ ਨਹੀਂ ਦੇਵੇਗਾ।

ਬਿਜਲੀ ਬੋਰਡ ਦੀਆਂ ਜ਼ਮੀਨਾਂ ਨੂੰ ਸਰਕਾਰ ਵੇਚਣਾ ਚਾਹੁੰਦੀ ਹੈ।ਅਜਿਹਾ ਨਹੀਂ ਹੋਣ ਦਿੱਤਾ ਜਾਵੇਗਾ।ਇਸ ਦਾ ਵਿਰੋਧ ਕੀਤਾ ਜਾਵੇਗਾ।ਇਸ ਮੌਕੇ ਉਨ੍ਹਾਂ ਨੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਆਮ ਲੋਕਾਂ ਨੂੰ 8 ਦਸੰਬਰ ਨੂੰ 11 ਵਜੇ ਢਾਂਗੂ ਰੋਡ ਪਠਾਨਕੋਟ ਵਾਲੇ ਬਿਜਲੀ ਘਰ ਪੁਹੰਚਣ ਦਾ ਸੱਦਾ ਦਿੱਤਾ।

ਆਰਬੀਆਈ ਮੁੱਦਰਾ ਨੀਤੀ 'ਤੇ ਅਰਥਸ਼ਾਸਤਰੀ ਸਾਕਸ਼ੀ ਗੁਪਤਾ ਦੀ ਟਿੱਪਣੀ

ਜਲੰਧਰ : ਆਰਬੀਆਈ ਨੇ ਸਾਡੀਆਂ ਉਮੀਦਾਂ ਦੇ ਅਨੁਸਾਰ ਦਰ ਵਿੱਚ ਕਟੌਤੀ ਕੀਤੀ, ਵਿਕਾਸ ਲਈ ਥੋੜ੍ਹੇ ਜੋਖਮਾਂ ਨੂੰ ਪਛਾਣਦੇ ਹੋਏ ਅਤੇ ਘੱਟ ਮੁਦਰਾਸਫੀਤੀ ਦੁਆਰਾ ਪੈਦਾ ਹੋਏ ਮੁੱਦਰਾ ਸਪੇਸ ਦੀ ਵਰਤੋਂ ਕੀਤੀ ਜਦੋਂਕਿ ਵਿੱਤੀ ਸਾਲ 26 ਦੀ ਦੂਜੀ ਤਿਮਾਹੀ ਵਿੱਚ ਜੀਡੀਪੀ ਵਾਧਾ 8% ਤੋਂ ਉੱਪਰ ਹੋ ਗਿਆ ਸੀ, ਨਿਰਯਾਤ ਤੇ ਬਾਹਰੀ ਰੁਕਾਵਟਾਂ ਦਾ ਜੋਖਮ ਅਜੇ ਵੀ ਬਣਿਆ ਹੋਇਆ ਹੈ।ਅਸੀਂ ਉਮੀਦ ਕਰਦੇ ਹਾਂ ਕਿ ਮੁਦਰਾਸਫੀਤੀ ਸਾਲ ਦੇ ਮੱਧ ਤੱਕ 4% ਤੋਂ ਹੇਠਾਂ ਰਹੇਗੀ ਜੋ ਸੁਝਾਅ ਦਿੰਦੀ ਹੈ ਕਿ ਆਉਣ ਵਾਲੀਆਂ ਤਿਮਾਹੀਆਂ ਵਿੱਚ ਵਿਕਾਸ ਵਿੱਚ ਗਿਰਾਵਟ ਦੇ ਸੰਕੇਤ ਦਿਖਾਉਂਦੀ ਹੈ।ਅਸੀਂ ਵਿੱਤੀ ਸਾਲ-2026 ਵਿੱਚ ਜੀਡੀਪੀ ਵਿਕਾਸ ਦਰ 7.3% ਅਤੇ ਵਿੱਤੀਸਾਲ27 ਵਿੱਚ 6.5% ਦੀ ਉਮੀਦ ਕਰਦੇ ਹਾਂ। ਵਿੱਤੀ ਸਾਲ-2026 ਵਿੱਚ ਮੁਦਰਾਸਫੀਤੀ 2% ਅਤੇ ਵਿੱਤੀ ਸਾਲ-2027 ਵਿੱਚ 4% ਰਹਿਣ ਦੀ ਉਮੀਦ ਹੈ।ਓ.ਐੱਮ.ਓ. ਖਰੀਦਦਾਰੀ ਅਤੇ ਖਰੀਦ/ਵੇਚ ਸਵੈਪ ਰਾਹੀਂ ਟਿਕਾਊ ਤਰਲਤਾ ਨਿਵੇਸ਼ ਇਸ ਦਰ ਵਿੱਚ ਕਟੌਤੀ ਦੇ ਵਧੇਰੇ ਸੰਚਾਰ ਵਿੱਚ ਮਦਦ ਕਰਨ ਦੀ ਸੰਭਾਵਨਾ ਹੈ।

ਖਾਲਸਾ ਕਾਲਜ ਵਿਖੇ ਅੰਤਰ ਵਿਭਾਗੀ ਮੁਕਾਬਲਾ ਆਯੋਜਿਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)—ਖਾਲਸਾ ਕਾਲਜ ਦੇ ਸਕੂਲ ਆਫ਼ ਕੰਪਿਊਟਰ ਸਾਇੰਸ ਐਂਡ ਐਪਲੀਕੇਸ਼ਨਜ਼ ਦੀ ਟੈੱਕ ਇਰਾ ਸੋਸਾਇਟੀ ਵੱਲੋਂ ਇੰਸਟੀਚਿਊਸ਼ਨ ਇਨੋਵੇਸ਼ਨ ਕੌਂਸਲ (ਆਈ. ਆਈ. ਸੀ.) ਦੇ ਸਹਿਯੋਗ ਨਾਲ ਅੰਤਰ-ਵਿਭਾਗੀ ਮੁਕਾਬਲਾ ਕਰਵਾਇਆ ਗਿਆ।ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਨਿਰਦੇਸ਼ਾਂ 'ਤੇ ਕਰਵਾਇਆ ਉਕਤ ਪ੍ਰੋਗਰਾਮ ਇੰਟਰ-ਡਿਪਾਰਟਮੈਂਟਲ ਮੁਕਾਬਲਾ ਨਵੀਨਤਮ ਵਿਚਾਰਾਂ, ਪ੍ਰਾਜੈਕਟਾਂ, ਰਿਸਰਚ ਅਸਾਈਨਮੈਂਟਾਂ ਅਤੇ ਇੰਡਸਟਰੀ ਪ੍ਰਾਯੋਜਿਤ 'ਤੇ ਆਧਾਰਿਤ ਸੀ।ਇਸ ਮੌਕੇ ਐਪਲੀਕੇਸ਼ਨਜ਼ ਵਿਭਾਗ ਮੁਖੀ ਪ੍ਰੋ. ਸੁਖਵਿੰਦਰ ਕੌਰ ਅਤੇ ਸਮਾਗਮ ਦੇ ਕੋ-ਕੋਆਰਡੀਨੇਟਰ ਡਾ. ਮਨੀ ਅਰੋੜਾ ਨੇ ਪ੍ਰਿੰ: ਡਾ. ਰੰਧਾਵਾ ਦਾ ਜੀਵੰਤ ਪੌਦੇ ਨਾਲ ਸਵਾਗਤ ਕੀਤਾ।ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਉਕਤ ਵਿਭਾਗ ਦੀ ਪ੍ਰਸ਼ੰਸਾ ਕਰਦਿਆਂ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਉਨ੍ਹਾਂ ਹੋਰਨਾਂ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਸਮਾਗਮਾਂ 'ਚ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਪ੍ਰੋ. ਸੁਖਵਿੰਦਰ ਕੌਰ ਨੇ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਦੇ ਹਨ ਅਤੇ ਉਨ੍ਹਾਂ ਨੂੰ ਨਵੀਆਂ ਚੀਜ਼ਾਂ ਸਿੱਖਣ ਦਾ ਮੌਕਾ ਦਿੰਦੇ ਹਨ। ਇਸ ਮੌਕੇ ਡਾ. ਅਰੋੜਾ ਨੇ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਕਲਾਸਰੂਮ ਅਧਿਐਨ ਅਤੇ ਉਦਯੋਗਕਾਰੀ ਕਾਰਜ-ਪ੍ਰਣਾਲੀ ਵਿਚਕਾਰ ਦੇ ਫਰਕ ਨੂੰ ਪੂਰਾ ਕਰਨ ਲਈ ਬਹੁਤ ਮਹੱਤਵਪੂਰਨ ਹਨ।ਇਸ ਦੌਰਾਨ ਪ੍ਰਿੰ: ਡਾ. ਰੰਧਾਵਾ ਨੇ ਮੁਕਾਬਲੇ ਦੇ ਪਹਿਲੇ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਜੇਤੂਆਂ ਨੂੰ ਸਰਟੀਫਿਕੇਟ ਤਕਸੀਮ ਕੀਤੇ। ਇਸ ਮੌਕੇ ਡਾ. ਰੁਪਿੰਦਰ ਸਿੰਘ, ਡਾ. ਅਨੁਰੀਤ ਕੌਰ , ਟੈੱਕ ਇਰਾ ਮੈਂਬਰ, ਵਿਦਿਆਰਥੀ ਅਤੇ ਹੋਰ ਸਟਾਫ਼ ਮੈਂਬਰ ਵੀ ਹਾਜ਼ਰ ਸਨ।

ਪਾਈਟੈਕਸ ਵਿਖੇ ਅਪਾਹਜਾਂ ਅਤੇ ਬਜ਼ੁਰਗਾਂ ਲਈ ਵ੍ਹੀਲ ਚੇਅਰ ਦੀ ਸਹੂਲਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-19ਵੇਂ ਪੰਜਾਬ ਇੰਟਰਨੈਸ਼ਨਲ ਟ੍ਰੇਡ ਐਕਸਪੋ (ਪਾਈਟੈਕਸ) ਵਿੱਚ ਅਪਾਹਜ ਅਤੇ ਬਜ਼ੁਰਗ ਸੈਲਾਨੀਆਂ ਦੀ ਸਹੂਲਤ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ।ਅੰਮ੍ਰਿਤਸਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੇ ਨਿਰਦੇਸ਼ਾਂ ਤੇ ਅੱਜ ਮੇਲੇ ਦੇ ਮੁੱਖ ਪ੍ਰਵੇਸ਼ ਦੁਆਰ ਤੇ ਪੰਜ ਵ੍ਹੀਲਚੇਅਰਾਂ ਲਗਾਈਆਂ ਗਈਆਂ।ਲੋੜ ਅਨੁਸਾਰ ਇਸ ਗਿਣਤੀ ਨੂੰ ਵਧਾਉਣ ਦੀ ਵੀ ਤਿਆਰ ਹੈ।ਇਸ ਵਪਾਰ ਮੇਲੇ ਵਿੱਚ ਪਹੁੰਚਯੋਗਤਾ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਗਈ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਜਾ ਰਹੀ ਹੈ।ਇਹ ਨਾ ਸਿਰਫ਼ ਪ੍ਰਸ਼ਾਸਨ ਦੀ ਸੰਵੇਦਨਸ਼ੀਲਤਾ ਨੂੰ ਦਰਸਾਉਂਦਾ ਹੈ ਬਲਕਿ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਕੋਈ ਵੀ ਮੇਲੇ ਦੀਆਂ ਖੁਸ਼ੀਆਂ ਤੋਂ ਵਾਂਝਾ ਨਾ ਰਹੇ।

ਪਾਈਟੈਕਸ ਰੋਜ਼ਾਨਾ ਵੱਡੀ ਗ

6-Dec-PAGE-12.qxd 12/5/2025 10:50 PM Page 1

ਵਰ੍ਹੇਗੰਢ ਮੁਬਾਰਕ

ਪੱਤਰਕਾਰ ਪ੍ਰੀਤ ਸੰਗੋਜਲਾ ਤੇ ਮਨਜੀਤ ਕੌਰ ਸੰਗੋਜਲਾ ਵਾਸੀ ਅਜੀਤ ਨਗਰ ਕਪੂਰਥਲਾ ਨੇ ਆਪਣੇ ਵਿਆਹ ਦੀ 28ਵੀਂ ਵਰ੍ਹੇਗੰਢ ਮਨਾਈ।

ਵਿਰੋਧੀਆਂ ਵੱਲੋਂ ਗਲਤ ਢੰਗ ਨਾਲ ਨਾਮਜ਼ਦਗੀ ਰੱਦ ਕਰਵਾਉਣ ਦੀ ਕੋਸ਼ਿਸ਼ : ਵਿਧਾਇਕ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)-ਸੁਲਤਾਨਪੁਰ ਲੋਧੀ ਹਲਕੇ ਤੋਂ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਵਿਰੋਧੀ ਧਿਰ 'ਤੇ ਗੰਭੀਰ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਨ੍ਹਾਂ ਦੇ ਧੜੇ ਦੇ ਆਜ਼ਾਦ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਗਲਤ ਤਰੀਕੇ ਨਾਲ ਰੱਦ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਬਲਾਕ ਸੰਮਤੀ ਜੋਨ ਜੈਨਪੁਰ ਤੋਂ ਰਾਣਾ ਧੜੇ ਦੇ ਆਜ਼ਾਦ ਉਮੀਦਵਾਰ ਹਰਜਿੰਦਰ ਸਿੰਘ ਉੱਤੇ ਪੰਚਾਇਤੀ ਜ਼ਮੀਨ 'ਤੇ ਕਬਜ਼ੇ ਦੇ ਲਗਾਏ ਜਾ ਰਹੇ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਰਾਜਨੀਤਿਕ ਸਾਜ਼ਿਸ਼ ਹਨ।ਵਿਧਾਇਕ ਰਾਣਾ ਨੇ ਸਪਸ਼ਟ ਕੀਤਾ ਕਿ ਜੇਕਰ ਕਿਸੇ ਕਿਸਮ ਦੀ ਗਲਤ ਕਾਰਵਾਈ ਕੀਤੀ ਗਈ ਤਾਂ ਉਹ ਮਾਮਲੇ ਨੂੰ ਇਲੈਕਸ਼ਨ ਕਮਿਸ਼ਨ ਤੋਂ ਲੈ ਕੇ ਹਾਈਕੋਰਟ ਤੱਕ ਲੈ ਕੇ ਜਾਣਗੇ। ਉਨ੍ਹਾਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਕਿਸੇ ਅਧਿਕਾਰੀ ਵੱਲੋਂ ਧੱਕੇਸ਼ਾਹੀ ਕੀਤੀ ਗਈ ਤਾਂ ਸੰਬੰਧਿਤ ਅਧਿਕਾਰੀ ਨਤੀਜੇ ਭੁਗਤਾਨ ਲਈ ਤਿਆਰ ਰਹਿਣ।

ਮਨੀਸ਼ ਤਿਵਾੜੀ ਨੇ ਡੈਮਾਂ ਦੀ ਘਟਦੀ ਸਟੋਰੇਜ ਸਮਰੱਥਾ ਦਾ ਮੁੱਦਾ ਉਠਾਇਆ

ਚੰਡੀਗੜ੍ਹ, (ਗੁਰਜੀਤ ਬਿੱਲਾ)-ਚੰਡੀਗੜ੍ਹ ਤੋਂ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਲੋਕ ਸਭਾ ਵਿੱਚ ਹਰਿਆਣਾ, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਡੈਮਾਂ ਦੀ ਡੀ-ਸਿਲਟਿੰਗ ਦੀ ਸਥਿਤੀ ਅਤੇ ਗਾਰ ਜਮ੍ਹਾਂ ਹੋਣ ਕਾਰਨ ਪਾਣੀ ਭੰਡਾਰਨ ਸਮਰੱਥਾ ਦੇ ਚਿੰਤਾਜਨਕ ਨੁਕਸਾਨ ਬਾਰੇ ਇੱਕ ਮਹੱਤਵਪੂਰਨ ਸਵਾਲ ਉਠਾਇਆ।ਉਨ੍ਹਾਂ ਦੇ ਅਨ-ਸਟਾਰਡ ਪ੍ਰਸ਼ਨ ਨੰਬਰ 717 ਦੇ ਜਵਾਬ ਵਿੱਚ, ਜਲ ਸ਼ਕਤੀ ਮੰਤਰਾਲੇ ਨੇ ਦੱਸਿਆ ਕਿ ਨਵੀਨਤਮ ਰਾਸ਼ਟਰੀ ਰਜਿਸਟਰ ਆਫ਼ ਸਪੈਸੀਫਾਈਡ ਡੈਮਜ਼ (2025) ਦੇ ਅਨੁਸਾਰ, ਹਰਿਆਣਾ ਵਿੱਚ 3 ਨਿਰਧਾਰਤ ਡੈਮ ਹਨ, ਪੰਜਾਬ ਵਿੱਚ 15 ਹਨ, ਅਤੇ ਹਿਮਾਚਲ ਪ੍ਰਦੇਸ਼ ਵਿੱਚ 24 ਹਨ, ਜਿਨ੍ਹਾਂ ਦੇ ਮੌਜੂਦਾ ਸਟੋਰੇਜ ਸਮਰੱਥਾ ਲਈ ਕੁੱਲ 24 ਭੰਡਾਰਨ ਦਾ ਮੁਲਾਂਕਣ ਕੀਤਾ ਗਿਆ ਹੈ।

ਮੁੱਖ ਪ੍ਰਸ਼ਾਸਕ ਪੁੱਡਾ ਦੇ ਦਫਤਰ ਵਿਖੇ ਲੜੀਵਾਰ ਭੁੱਖ ਹੜਤਾਲ

ਮੋਹਾਲੀ (ਗੁਰਜੀਤ ਬਿੱਲਾ)

ਮੁੱਖ ਪ੍ਰਸ਼ਾਸਕ ਪੁੱਡਾ ਮੈਡਮ ਨੀਰੂ ਕਤਿਆਲ ਗੁਪਤਾ ਦੇ ਦਫਤਰ ਪੁੱਡਾ ਭਵਨ ਮੋਹਾਲੀ ਵਿਖੇ ਲੜੀਵਾਰ ਭੁੱਖ ਹੜਤਾਲ 47 ਵੇਂ ਦਿਨ ਵਿਸ਼ਾਲ ਰੈਲੀ ਕੱਢੀ ਗਈ ਅਤੇ ਅਰਥੀ ਫੂਕ ਮੁਜ਼ਾਹਰਾ ਕਰਕੇ ਮੁੱਖ ਪ੍ਰਸ਼ਾਸ਼ਕ ਦੀ ਅਰਥੀ ਫੂਕੀ। ਪੰਜਾਬ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ, ਮੁੱਖ ਦਫਤਰ ਡੇਰਾਬੱਸੀ ਦੇ ਝੰਡੇ ਹੇਠ ਭੁੱਖ ਹੜਤਾਲ ਤੇ ਰਾਮ ਸੁੰਦਰ, ਬੁੱਧੀ ਰਾਮ ਯਾਦਵ, ਰਾਮ ਦਰਸ਼, ਮਲਕੀਤ ਸਿਘ, ਅਲੋਕ ਨਾਥ ਬੈਠੇ। ਰੈਲੀ ਨੂੰ ਸੰਬੋਧਿਤ ਕਰਦਿਆਂ ਪੰਜਾਬ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾਈ ਪ੍ਰਧਾਨ ਸੁਖਦੇਵ ਸਿੰਘ ਸੈਣੀ, ਮੋਹਾਲੀ ਆਗੂ ਤਰਲੋਚਨ ਸਿੰਘ, ਮਲਕੀਤ ਸਿੰਘ, ਰਣਬੀਰ ਸਿੰਘ ਰਣਜੀਤ ਸਿਘ, ਕਰਮਜੀਤ ਸਿੰਘ, ਪਾਲਾ ਰਾਮ, ਕੁਲਦੀਪ ਸਿੰਘ, ਸੁਭਾਸ਼ ਰਾਣਾ, ਦਰਸ਼ਨ ਸਿਘ ਨੇ ਕਿਹਾ ਕਿ ਪੁੱਡਾ ਵਿਭਾਗ ਵਿੱਚ 01-04-2004 ਤੋਂ ਪਹਿਲਾਂ ਭਰਤੀ ਹੋਏ ਮੁਲਾਜਮਾਂ ਨੂੰ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ। ਪੁੱਡਾ ਵਿਭਾਗ ਵਿੱਚ ਬੋਨਸ/ਐਕਸਗ੍ਰੇਸ਼ੀਆ ਜੋ ਨਾਜਾਇਜ ਕੱਟਿਆ ਗਿਆ ਹੈ, ਉਹ 2 ਸਾਲਾਂ ਦਾ ਤੁਰੰਤ ਦਿੱਤਾ ਜਾਵੇ। ਪੁੱਡਾ ਵਿਭਾਗ ਅਤੇ ਸਾਰੀਆਂ ਅਥਾਰਟੀਆਂ ਵਿੱਚ ਲਗਾਤਾਰ 5-10-2015 ਤੋਂ ਕੰਮ ਕਰਦੇ ਡੈਲੀਵੇਜ, ਆਊਟਸੋਰਸ, ਥਰੂ ਕੰਟਰੈਕਟ, ਕੰਟਰੈਕਟ ਅਧੀਨ ਕੰਮ ਕਰਦੇ ਕਰਮਚਾਰੀਆਂ ਨੂੰ ਰੈਗੂਲਰ ਕੀਤਾ ਜਾਵੇ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਕਿਰਤ ਵਿਭਾਗ ਵੱਲੋਂ ਨਿਰਧਾਰਤ ਸਹੂਲਤਾ ਦਿੱਤੀਆਂ ਜਾਣ। ਜਿਵੇਂ ਗਜਟਿਡ ਛੁੱਟੀਆਂ, ਬੋਨਸ, ਐਕਸਗ੍ਰੇਸ਼ੀਆ, ਈ ਪੀ ਐੱਫ, ਈ ਐੱਸ ਆਈ, ਗ੍ਰੈਜੂਟੀ ਆਦਿ ਸਹੂਲਤਾਂ ਕੀਤੀਆਂ ਜਾਣ। ਰਿਟਾਇਰੀ ਕਰਮਚਾਰੀਆਂ ਦੇ ਮੈਡੀਕਲ ਰਿਵਰਸਮੈਂਟ ਦਿੱਤੇ ਜਾਣ। ਪੁੱਡਾ ਕਰਮਚਾਰੀਆਂ ਨੂੰ ਮਿਲਦਾ 25 ਫੀਸਦੀ ਹਾਊਸ ਰੈਂਟ, ਬਹਾਲ ਕੀਤਾ ਜਾਵੇ। ਵਿਭਾਗ ਦੇ ਖਾਲੀ ਫਲੈਟ ਜੋ ਲੋਕਾਂ ਨੇ ਦੱਬੇ ਹੋਏ ਹਨ, ਖਾਲੀ ਕਰਵਾ ਕਰਵਾ ਕੇ ਮੁਲਾਜਮਾਂ ਨੂੰ ਦਿੱਤੇ ਜਾਣ। ਪਲਾਟਾਂ ਦੀ ਅਲਾਟਮੈਂਟ ਸਮੇਂ ਮੁਲਾਜਮਾਂ ਦਾ ਕੋਟਾ 10 ਫੀਸਦੀ ਕੀਤਾ ਜਾਵੇ। ਰਿਟਾਇਰੀ ਕਰਮਚਾਰੀਆਂ ਦੇ ਡਿਊ ਸਮੇਂ ਸਿਰ ਕੀਤੇ ਜਾਣ ਅਤੇ ਮੰਗ ਪੱਤਰ ਵਿੱਚ ਦਰਜ ਮੰਗਾਂ ਦਾ ਹੱਲ ਕੀਤਾ ਜਾਵੇ ਅਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ 16 ਫੀਸਦੀ ਡੀ ਏ ਰਿਲੀਜ਼ ਕੀਤਾ ਜਾਵੇ। ਕੱਚੇ ਮੁਲਾਜਮ ਪੱਕੇ ਕੀਤੇ ਜਾਣ। ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ। 13 ਸਾਲਾਂ ਤੋਂ ਕੰਮ ਕਰ ਰਹੇ ਡਿਗਰੀ ਹੋਲਡਰ ਪਦ ਉਨਤੀ ਦਾ ਕੋਟਾ ਵਧਾਉਂਦੇ ਹੋਏ ਯੋਗ ਕਰਮਚਾਰੀਆਂ ਦੀ ਪਦ ਉਨਤੀ ਕੀਤੀ ਜਾਵੇ।

ਮੁਜ਼ਾਹਰਾ ਕਰਕੇ ਮੁੱਖ ਪ੍ਰਸ਼ਾਸਕ ਦੀ ਅਰਥੀ ਫੂਕੀ

ਐੱਲ ਪੀ ਯੂ ਨੇ ਪੰਜਾਬ ਸਟੇਟ ਯੂਥ ਫੈਸਟੀਵਲ 2025 'ਚ ਓਵਰਆਲ ਚੈਂਪੀਅਨਸ਼ਿਪ ਟਰਾਫੀ ਜਿੱਤੀ

ਜਲੰਧਰ, (ਸ਼ੈਲੀ ਐਲਬਰਟ)

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਨੇ ਇੱਕ ਵਾਰ ਫਿਰ ਪੰਜਾਬ ਸਟੇਟ ਯੂਥ ਫੈਸਟੀਵਲ 2025 ਵਿੱਚ ਓਵਰਆਲ ਚੈਂਪੀਅਨਸ਼ਿਪ ਜਿੱਤ ਕੇ ਆਪਣੀ ਸੱਭਿਆਚਾਰਕ ਮੁਹਾਰਤ ਦਾ ਸਬੂਤ ਦਿੱਤਾ। ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਦੀ ਅਗਵਾਈ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਆਯੋਜਿਤ ਚਾਰ ਦਿਨਾਂ ਫੈਸਟੀਵਲ ਵਿੱਚ ਰਾਜ ਭਰ ਦੀਆਂ ਯੂਨੀਵਰਸਿਟੀਆਂ ਨੇ ਪੰਜਾਬ ਦੀ ਪ੍ਰਤਿਭਾ, ਰਚਨਾਤਮਕਤਾ ਅਤੇ ਅਮੀਰ ਵਿਰਾਸਤ ਦਾ ਪ੍ਰਦਰਸ਼ਨ ਕੀਤਾ। ਇਹ ਯੁਵਾ ਸੇਵਾਵਾਂ ਵਿਭਾਗ, ਪੰਜਾਬ ਸਰਕਾਰ ਦੁਆਰਾ ਆਯੋਜਿਤ ਕੀਤਾ ਗਿਆ ਹੈ।ਐੱਲ ਪੀ ਯੂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ, 12 ਪਹਿਲੇ, 13 ਦੂਜੇ ਅਤੇ 12 ਤੀਜੇ ਸਥਾਨ ਪ੍ਰਾਪਤ ਕੀਤੇ। 21 ਸੰਸਥਾਵਾਂ ਦੇ 2,500 ਤੋਂ ਵੱਧ ਭਾਗੀਦਾਰਾਂ ਨੇ 51 ਸੱਭਿਆਚਾਰਕ ਅਤੇ ਵਿਰਾਸਤੀ ਸਮਾਗਮਾਂ ਵਿੱਚ ਹਿੱਸਾ ਲਿਆ, ਸ਼ਾਨਦਾਰ ਹੁਨਰ, ਉਤਸ਼ਾਹ ਅਤੇ ਸੱਭਿਆਚਾਰਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਐੱਲ ਪੀ ਯੂ ਨੇ 51 ਵਿੱਚੋਂ 37 ਮੁਕਾਬਲੇ ਜਿੱਤੇ, ਜਿਸ ਨਾਲ ਇਹ ਇੱਕ ਰਿਕਾਰਡ ਤੋੜ ਜਿੱਤ ਬਣ ਗਈ।ਐੱਲ ਪੀ ਯੂ ਦੀਆਂ ਪ੍ਰਮੁੱਖ ਪ੍ਰਾਪਤੀਆਂ ਵਿੱਚ ਵਨ ਐਕਟ ਪਲੇ, ਸਕਿਟ, ਪੱਖੀ ਬਣਾਉਣਾ, ਨਾਲਾ ਬੁਣਾਈ, ਗੁੱਡੀਆਂ-ਪਟੋਲੇ ਬਣਾਉਣਾ, ਪਰਾਂਦਾ ਬਣਾਉਣਾ, ਇਨੂ/ਬਿੰਨੂ, ਮੁਹਾਵਰੇ ਦਰ ਬਰਤਾਲਬ, ਸਟਿਲ ਲਾਈਫ ਪੇਂਟਿੰਗ, ਆਰਕੈਸਟਰਾ, ਕਲੀ ਅਤੇ ਲੰਬੀ ਹੇਕ ਵਾਲੇ ਗੀਤ ਵਿੱਚ ਸੋਨੇ ਦੇ ਤਗਮੇ ਸ਼ਾਮਲ ਸਨ। ਵੱਖ-ਵੱਖ ਹਿੱਸਿਆਂ ਤੋਂ ਆਏ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ।ਐੱਲ ਪੀ ਯੂ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਸੰਧੂ ਨੇ ਓਵਰਆਲ ਟਰਾਫੀ ਪ੍ਰਾਪਤ ਕੀਤੀ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ।

ਗੰਗ ਨਹਿਰ ਦੇ ਜਸ਼ਨ ਮਨਾ ਕੇ ਭਾਜਪਾ ਨੇ ਪੰਜਾਬੀਆਂ ਦੇ ਜ਼ਖਮਾਂ 'ਤੇ ਲੂਣ ਛਿੜਕਿਆ : ਧਾਲੀਵਾਲ

ਚੰਡੀਗੜ੍ਹ, (ਗੁਰਜੀਤ ਬਿੱਲਾ)

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਉਸ ਦੇ ਆਗੂ ਰਾਣਾ ਗੁਰਮੀਤ ਸਿੰਘ ਸੋਢੀ 'ਤੇ ਤਿੱਖੇ ਸਿਆਸੀ ਹਮਲੇ ਕੀਤੇ ਹਨ। ਧਾਲੀਵਾਲ ਨੇ ਕਿਹਾ ਕਿ ਭਾਜਪਾ ਵਿੱਚ ਸ਼ਾਮਲ ਹੋਏ ਸਾਬਕਾ ਕਾਂਗਰਸੀਆਂ, ਜੋ ਹੁਣ ਭਾਜਪਾ ਦਾ ਕਾਂਗਰਸੀ ਵਿੰਗ ਹਨ, ਦਾ ਚਿਹਰਾ ਇੱਕ-ਇੱਕ ਕਰਕੇ ਬੇਨਕਾਬ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਵਿੰਗ ਦਾ ਭਾਜਪਾ ਵੱਲ ਝੁਕਾਅ ਹੋਣਾ ਸੁਭਾਵਿਕ ਹੈ ਕਿਉਂਕਿ ਦੋਵਾਂ ਦੀ ਪੰਜਾਬ ਪ੍ਰਤੀ ਨਫ਼ਰਤ ਵਾਲੀ ਮਾਨਸਿਕਤਾ ਅਤੇ ਸੋਚ ਇੱਕ ਦੂਜੇ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ।'ਆਪ' ਆਗੂ ਨੇ ਕਿਹਾ ਕਿ ਭਾਜਪਾ ਦੇ ਇਸੇ ਕਾਂਗਰਸੀ ਵਿੰਗ ਦੇ ਆਗੂ ਰਾਣਾ ਗੁਰਮੀਤ ਸਿੰਘ ਸੋਢੀ ਨੇ ਗੰਗ ਨਹਿਰ ਦੇ 100 ਸਾਲ ਪੂਰੇ ਹੋਣ 'ਤੇ ਜਸ਼ਨ ਮਨਾਉਣ ਦਾ ਪ੍ਰੋਗਰਾਮ ਉਲੀਕਿਆ ਸੀ, ਜਿੱਥੇ ਭਾਜਪਾ ਦੇ ਕੇਂਦਰੀ ਮੰਤਰੀ ਵੀ ਹੁੰਮ-ਹੁੰਮਾ ਕੇ ਪਹੁੰਚ ਰਹੇ ਸਨ। ਧਾਲੀਵਾਲ ਨੇ ਇਤਿਹਾਸ ਦੇ ਪੰਨੇ ਫਰੋਲਦਿਆਂ ਕਿਹਾ ਕਿ ਗੰਗ ਨਹਿਰ ਦਾ ਇਤਿਹਾਸ ਜਗ-ਜ਼ਾਹਿਰ ਹੈ। ਇਹ ਨਹਿਰ ਉਸ ਸਮੇਂ ਦੇ ਬੀਕਾਨੇਰ ਦੇ ਰਾਜਾ ਗੰਗਾ ਸਿੰਘ ਨੂੰ ਦੇਸ਼ ਦੀ ਪਿੱਠ ਵਿੱਚ ਛੁਰਾ ਮਾਰਨ ਅਤੇ ਅੰਗਰੇਜ਼ਾਂ ਦੀ ਚਾਪਲੂਸੀ ਕਰਨ ਬਦਲੇ ਇਨਾਮ ਵਜੋਂ ਦਿੱਤੀ ਗਈ ਸੀ। ਅੰਗਰੇਜ਼ਾਂ ਨੇ ਪੰਜਾਬ ਦੇ ਫਿਰੋਜ਼ਪੁਰ ਨੇੜੇ ਸਤਲੁਜ ਦਰਿਆ ਵਿੱਚੋਂ ਇਹ ਨਹਿਰ ਕੱਢ ਕੇ ਰਾਜਸਥਾਨ ਨੂੰ ਤੋਹਫੇ ਵਜੋਂ ਦਿੱਤੀ ਸੀ, ਜੋ ਪੰਜਾਬ ਦੇ ਹੱਕਾਂ 'ਤੇ ਸ਼ਰੇਆਮ ਡਾਕਾ ਸੀ।

ਕਿਰਤੀ ਕਿਸਾਨ ਯੂਨੀਅਨ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)

ਕਿਰਤੀ ਕਿਸਾਨ ਯੂਨੀਅਨ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਸ਼ਹੀਦੀ ਯਾਦਗਾਰ ਵਿਖੇ ਹੋਈ ਜਿਸ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਉਲੀਕੇ ਸੰਘਰਸ਼ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਵਿਚਾਰਾਂ ਕੀਤੀਆਂ ਗਈਆਂ ਅਤੇ ਬਿਜਲੀ ਸੋਧ ਬਿੱਲ 2025 ਨੂੰ ਰੱਦ ਕਰਨ ਲਈ ਉਲੀਕੇ ਸੰਘਰਸ਼ ਅਨੁਸਾਰ ਸਬ ਡਵੀਜ਼ਨ ਨੂਰਮਹਿਲ ਬਿਲਗਾ, ਸ਼ੰਕਰ, ਸਮਰਾਏ, ਮਹਿਤਪੁਰ, ਫਿਲੌਰ ਵਿੱਚ ਬਿੱਲ ਦੀਆਂ ਕਾਪੀਆਂ ਸਾੜਨ ਲਈ ਜ਼ਿਲ੍ਹਾ ਕਮੇਟੀ ਮੈਂਬਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਅਤੇ ਇਸ ਸੰਘਰਸ਼ ਵਿੱਚ ਸ਼ਾਮਲ ਮੁਲਾਜ਼ਮਾਂ ਅਤੇ ਮਜ਼ਦੂਰ ਜਥੇਬੰਦੀਆਂ ਨਾਲ ਵੀ ਗੱਲਬਾਤ ਕੀਤੀ ਗਈ। ਬਿਜਲੀ ਬਿੱਲ ਦੇ ਹਰ ਵਰਗ ਨੂੰ ਹੋ ਰਹੇ ਨੁਕਸਾਨ ਦੀ ਵੀ ਚਰਚਾ ਕੀਤੀ ਗਈ। ਅਗਰ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਹਰ ਤਰ੍ਹਾ ਦੀ ਸਬਸਿਡੀ ਖ਼ਤਮ ਹੋ ਜਾਵੇਗੀ, ਬਿਜਲੀ ਗਰੀਬ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ ਅਤੇ ਮੁਲਾਜ਼ਮ ਵਰਗ ਦਾ ਵੀ ਬਹੁਤ ਨੁਕਸਾਨ ਹੋਵੇਗਾ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਸੰਧੂ, ਜ਼ਿਲ੍ਹਾ ਸਕੱਤਰ ਗੁਰਕਮਲ ਸਿੰਘ, ਖਜ਼ਾਨਚੀ ਸੁਰਿੰਦਰ ਸਿੰਘ, ਮੱਖਣ ਸਿੰਘ ਕੰਦੋਲਾ, ਅਵਤਾਰ ਸਿੰਘ ਬਿਲਗਾ, ਗੁਰਨਾਮ ਸਿੰਘ ਤੱਗੜ ਹਾਜ਼ਰ ਸਨ।

ਮੇਨ ਬਾਜ਼ਾਰ ਬਸਤੀ ਦਾਨਿਸ਼ਮੰਦਾਂ 'ਚ ਕੂੜੇ ਦੇ ਢੇਰਾਂ ਕਾਰਨ ਲੋਕਾਂ ਦਾ ਲੰਘਣਾ ਹੋਇਆ ਮੁਸ਼ਕਲ

ਜਲੰਧਰ (ਰਾਜੇਸ਼ ਥਾਪਾ)

ਜਲੰਧਰ ਸ਼ਹਿਰ ਦੇ ਪ੍ਰਮੁੱਖ ਇਲਾਕੇ ਮੇਨ ਬਾਜ਼ਾਰ ਬਸਤੀ ਦਾਨਿਸ਼ਮੰਦਾਂ ਵਿੱਚ ਕੂੜੇ ਦੇ ਲੱਗੇ ਭਾਰੀ ਢੇਰਾਂ ਨੇ ਇਲਾਕਾ ਨਿਵਾਸੀਆਂ ਅਤੇ ਰਾਹਗੀਰਾਂ ਦਾ ਜੀਵਨ ਦੁੱਭਰ ਕਰ ਦਿੱਤਾ ਹੈ। ਬਾਜ਼ਾਰ ਦੇ ਐਨ ਵਿਚਕਾਰ ਜਮ੍ਹਾਂ ਹੋਏ ਇਸ ਕੂੜੇ ਕਾਰਨ ਜਿੱਥੇ ਭਿਆਨਕ ਬਦਬੂ ਫੈਲ ਰਹੀ ਹੈ, ਉੱਥੇ ਹੀ ਸਫ਼ਾਈ ਵਿਵਸਥਾ ਦੀ ਪੋਲ ਵੀ ਖੁੱਲ੍ਹ ਗਈ ਹੈ।ਸਥਾਨਕ ਦੁਕਾਨਦਾਰਾਂ ਅਤੇ ਵਸਨੀਕਾਂ ਅਨੁਸਾਰ ਨਗਰ ਨਿਗਮ ਜਲੰਧਰ ਦੇ ਸਫ਼ਾਈ ਕਰਮਚਾਰੀ ਪਿਛਲੇ ਕਈ ਦਿਨਾਂ ਤੋਂ ਇੱਥੇ ਸਫ਼ਾਈ ਕਰਨ ਨਹੀਂ ਪਹੁੰਚੇ। ਨਤੀਜੇ ਵਜੋਂ ਕੂੜਾ ਸੜਕ ਤੱਕ ਫੈਲ ਗਿਆ ਹੈ, ਜਿਸ ਕਾਰਨ ਆਵਾਜਾਈ ਵਿੱਚ ਰੁਕਾਵਟ ਪੈਦਾ ਹੋ ਰਹੀ ਹੈ ਅਤੇ ਪੈਦਲ ਚੱਲਣ ਵਾਲਿਆਂ ਦਾ ਲੰਘਣਾ ਵੀ ਮੁਸ਼ਕਲ ਹੋ ਗਿਆ ਹੈ।ਇਲਾਕਾ ਨਿਵਾਸੀਆਂ ਨੇ ਦੋਸ਼ ਲਾਇਆ ਹੈ ਕਿ ਨਗਰ ਨਿਗਮ ਦੇ ਸਬੰਧਤ ਅਧਿਕਾਰੀ ਕੁੰਭਕਰਨ ਦੀ ਨੀਂਦ ਸੁੱਤੇ ਪਏ ਹਨ ਅਤੇ ਉਨ੍ਹਾਂ ਵੱਲੋਂ ਵਾਰ-ਵਾਰ ਸ਼ਿਕਾਇਤਾਂ ਕਰਨ ਦੇ ਬਾਵਜੂਦ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਉਨ੍ਹਾਂ ਨੇ ਪ੍ਰਸ਼ਾਸਨ ਤੋਂ ਤੁਰੰਤ ਇਸ ਮਾਮਲੇ ਵਿੱਚ ਦਖਲ ਦੇਣ ਅਤੇ ਕੂੜੇ ਦੇ ਢੇਰਾਂ ਨੂੰ ਚੁਕਵਾ ਕੇ ਸਫ਼ਾਈ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ, ਤਾਂ ਜੋ ਲੋਕਾਂ ਨੂੰ ਇਸ ਮੁਸ਼ਕਲ ਤੋਂ ਨਿਜਾਤ ਮਿਲ ਸਕੇ।ਇਸ ਮੌਕੇ ਅਸ਼ਵਨੀ ਜੰਗਰਾਲ, ਸੂਰਜ ਪ੍ਰਕਾਸ਼, ਕਮਲਜੀਤ ਪਵਾਰ, ਬਿੱਟੂ, ਪੱਪੂ, ਇੰਦਰ ਪਾਲ, ਆਦਿ ਮੌਜੂਦ ਸਨ।

ਕੁਇਜ਼ ਮੁਕਾਬਲੇ 'ਚ ਡਗਾਣਾ ਕਲਾਂ ਦੇ ਵਿਦਿਆਰਥੀਆਂ ਦੀ ਧਮਾਕੇਦਾਰ ਜਿੱਤ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)

ਸਕੂਲ ਸਿੱਖਿਆ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਸੈਸ਼ਨ 2025-26 ਦੌਰਾਨ ਰਾਸ਼ਟਰੀ ਅਵਿਸ਼ਕਾਰ ਅਭਿਆਨ ਤਹਿਤ ਛੇਵੀਂ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਬਲਾਕ ਪ